ਕੈਨੇਡਾ ਦਰਪਣ

ਅਕਤੂਬਰ 3, 1986

October 3, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail Reg. No. 5991
ਕੈਨੇਡਾ ਦਰਪਣ
The Canada Darpan
Punjabi Weekly Newspaper
Weekending October 3, 1986 Vol. 5 No. 38. Price 35¢ Out of Greater Vancouver 50¢ Ph. (604)581-4473


ਅੰਦਰ ਪੜ੍ਹੋ —

ਪ੍ਰੀਮੀਅਰ ਵੈਂਡਰਜ਼ਾਮ ਵਲੋਂ ਐਲਾਨ

ਬੀ. ਸੀ. ਚੋਣਾਂ 22 ਅਕਤੂਬਰ ਨੂੰ

ਨਵੀਂ ਅਸੈਂਬਲੀ ਵਿਚ 69 ਮੈਂਬਰ ਹੋਣਗੇ

ਵਿਕਟੋਰੀਆ — ਬੀ. ਸੀ. ਦੇ ਪ੍ਰੀਮੀਅਰ ਵੈਂਡਰਜ਼ਾਮ ਨੇ ਕੱਲ੍ਹ ਇਕ ਵਜੇ ਐਲਾਨ ਕਰ ਦਿੱਤਾ ਕਿ ਸੂਬਾਈ ਚੋਣਾਂ 22 ਅਕਤੂਬਰ ਨੂੰ ਹੋਣਗੀਆਂ। ਇਸ ਐਲਾਨ ਦੀ ਉਡੀਕ ਕਾਫੀ ਦਿਨਾਂ ਤੋਂ ਜਾ ਰਹੀ ਸੀ। ਪ੍ਰੀਮੀਅਰ ਨੇ ਪਹਿਲਾਂ ਆਪਣੀ ਵਜ਼ਾਰਤ ਦੀ ਮੀਟਿੰਗ ਕੀਤੀ। ਅਸੈਂਬਲੀ ਭੰਗ ਕਰ ਦਿਤੀ ਗਈ ਹੈ।



ਤਿੰਨਾਂ ਪਾਰਟੀਆਂ ਵਲੋਂ ਤਿਆਰੀਆਂ

ਐਲਾਨ ਤੋਂ ਪਹਿਲਾਂ ਪਿਛਲਿਆਂ ਹਫਤਿਆਂ ਵਿਚ ਤਿੰਨ ਮੁੱਖ ਪਾਰਟੀਆਂ ਵਲੋਂ ਤਿਆਰੀਆਂ ਅਰੰਭੀਆਂ ਗਈਆਂ ਹਨ। ਲਗਪਗ ਸਾਰੇ ਹਲਕਿਆਂ ਵਿਚ ਸੋਸ਼ਲ ਕਰੈਡਿਟ ਤੇ ਐਨ. ਡੀ. ਪੀ. ਨੇ ਆਪਣੇ ਆਪਣੇ ਉਮੀਦਵਾਰ ਚੁਣ ਲਏ ਹਨ। ਕੇਵਲ ਕੁਝ ਕੁ ਹਲਕੇ ਹੀ ਬਾਕੀ ਰਹਿੰਦੇ ਹਨ ਜਿਨ੍ਹਾਂ ਵਿਚ ਉਮੀਦਵਾਰਾਂ ਦੀ ਚੋਣ ਇਸ ਹਫਤੇ ਮੁਕੰਮਲ ਹੋ ਜਾਵੇਗੀ। ਸੋਸ਼ਲ ਕਰੈਡਿਟ ਪਾਰਟੀਆਂ ਵਲੋਂ ਬੱਸਾਂ ਕਿਰਾਏ ਉਤੇ ਲੈ ਲਈਆਂ ਗਈਆਂ ਹਨ।

ਪਿਛਲੀਆਂ ਚੋਣਾਂ 5 ਮਈ, 1983 ਨੂੰ ਹੋਈਆਂ ਸਨ ਜਿਨ੍ਹਾਂ ਵਿਚ ਸੋਸ਼ਲ ਕਰੈਡਿਟ ਪਾਰਟੀ ਨੂੰ 35 ਸੀਟਾਂ ਮਿਲੀਆਂ ਸਨ ਅਤੇ ਐਨ. ਡੀ. ਪੀ. ਨੂੰ 22 ਸੀਟਾਂ ਮਿਲੀਆਂ ਸਨ।

ਅਸੈਂਬਲੀ ਭੰਗ ਹੋਣ ਸਮੇਂ ਸੋਸ਼ਲ ਕਰੈਡਿਟ ਦੇ 32, ਐਨ. ਡੀ. ਪੀ. ਦੇ 21 ਤੇ ਕਨਜ਼ਰਵੇਟਿਵ ਪਾਰਟੀ ਦਾ ਇਕ ਐਮ. ਐਲ. ਏ. ਸੀ। ਤਿੰਨ ਸੀਟਾਂ ਖਾਲੀ ਸਨ।

ਹਲਕਿਆਂ ਦੀ ਦੁਬਾਰਾ ਹੱਦਬੰਦੀ ਕਾਰਨ 69 ਸੀਟਾਂ ਬਣਾਈਆਂ ਗਈਆਂ ਹਨ। ਨਵੀਂ ਅਸੈਂਬਲੀ ਵਿਚ 69 ਐਮ. ਐਲ. ਏ. ਹੋਣਗੇ।

ਪਿਛਲੇ 34 ਸਾਲਾਂ ਵਿਚ 31 ਸਾਲ ਸੋਸ਼ਲ ਕਰੈਡਿਟ ਪਾਰਟੀ ਦਾ ਰਾਜ ਰਿਹਾ ਹੈ। 1972 ਤੋਂ 1975 ਤੱਕ ਐਨ. ਡੀ. ਪੀ. ਦੀ ਸਰਕਾਰ ਰਹੀ। 1975 ਵਿਚ ਲਿਬਰਲ ਅਤੇ ਕਨਜ਼ਰਵੇਟਿਵ ਪਾਰਟੀ ਦੇ ਅਸੈਂਬਲੀ ਮੈਂਬਰ ਸੋਸ਼ਲ ਕਰੈਡਿਟ ਪਾਰਟੀ ਵਿਚ ਰਲੇ।

ਐਨ. ਡੀ. ਪੀ. ਦੀ ਹਾਲਤ

ਐਨ. ਡੀ. ਪੀ. ਦਾ ਲੀਡਰ ਬੌਬ ਸਕੇਲੀ ਮਈ, 1984 ਵਿਚ ਲੀਡਰ ਬਣਿਆ। ਐਨ. ਡੀ. ਪੀ. ਦੇ ਡੈਨਸ ਕੌਕ, ਈਲੇਨ ਡੇਅਲੀ, ਗੈਰੀ ਲੌਕ, ਲੌਰਨ ਨਿਕਲਸਨ, ਰੋਜ਼ਮਰੀ ਬਰਾਊਨ ਤੇ ਬਾਰਬਰਾ ਵੈਲਸ ਰੀਟਾਇਰ ਹੋ ਰਹੇ ਹਨ। ਸੋਸ਼ਲ ਕਰੈਡਿਟ ਦੇ ਜੇਮਜ਼ ਸ਼ੈਬੋ, ਡੌਨ ਫਿਲਪਸ, ਜਿਮ ਨੀਲਸਨ, ਬਿੱਲੀ ਰਿੱਚੀ, ਹਰਵੀ ਸ਼ਰੋਡਰ, ਜੈਕ ਹਾਈਨਰੇਕ, ਬੌਬ ਮੇਕਲੈਂਡ ਤੇ ਟਾਮ ਵਾਰਟਲੈਂਡ ਰਿਟਾਇਰ ਹੋ ਰਹੇ ਹਨ।

ਅਗਲੇ ਚਾਰ ਹਫਤੇ ਚੋਣਾਂ ਦਾ ਬੁਖਾਰ ਤੇਜ਼ ਰਹੇਗਾ।

ਕਚਹਿਰੀਆਂ ਦੇ ਬਾਹਰ ਇਕੱਠੇ ਹੋਣ ਤੋਂ ਜੱਜ ਦੀ ਤਾੜਨਾ

ਸਿੱਧੂ ਕੇਸ ਵਿਚ ਫੜੇ ਕਥਿਤ ਦੋਸ਼ੀਆਂ ਦੀ ਪੇਸ਼ੀ ਅੱਜ

ਨਿਊਵੈਸਟਮਿਨਸਟਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਸੋਮਵਾਰ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਆਦਰਨੀਆ ਐਲਨ ਮੇਕਕੇਕਰਨ ਨੇ ਤਾੜਨਾ ਕੀਤੀ ਹੈ ਕਿ ਕੋਰਟ ਇਹ ਬਰਦਾਸ਼ਤ ਨਹੀਂ ਕਰੇਗੀ ਕਿ ਭਾਰੀ ਗਿਣਤੀ ਵਿਚ ਲੋਕ ਇਕੱਠੇ ਹੋ ਕੇ ਕੋਰਟ ਦੀ ਕਾਰਵਾਈ ਉਤੇ ਅਸਰ ਪਾਉਣ ਦੀ ਕੋਸ਼ਿਸ਼ ਕਰਨ। ਕੋਰਟ ਵਿਚ ਸੋਮਵਾਰ ਨੂੰ ਪੰਜਾਬ ਦੇ ਯੋਜਨਾ ਮੰਤਰੀ ਸ੍ਰੀ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਸਬੰਧ ਵਿਚ ਫੜੇ ਗਏ ਕਥਿਤ ਦੋਸ਼ੀਆਂ ਦੀ ਜ਼ਮਾਨਤਾਂ ਦੀ ਸੁਣਵਾਈ ਹੋਣੀ ਸੀ।

ਚੀਫ ਜਸਟਿਸ ਨੇ ਇਹ ਟਿਪਣੀ ਉਸ ਸਮੇਂ ਕੀਤੀ ਜਦ ਨਿਊਵੈਸਟ ਮਿਨਸਟਰ ਦੇ ਕੋਰਟ ਚੈਂਬਰ ਦੇ ਬਾਹਰ ਸੌ ਦੇ ਲਗਪਗ ਕਥਿਤ ਦੋਸ਼ੀਆਂ ਦੇ ਹਮਾਇਤੀ ਇਕੱਠੇ ਹੋ ਕੇ ਉਥੇ ਪਹੁੰਚੇ।

ਜ਼ਮਾਨਤਾਂ ਦੇ ਸੁਣਵਾਈ ਸਮੇਂ ਕੇਵਲ ਛੇ ਰਿਸ਼ਤੇਦਾਰ ਅਤੇ ਛੇ ਪੱਤਰਕਾਰ ਹੀ ਅੰਦਰ ਜਾਣ ਦੀ ਇਜ਼ਾਜ਼ਤ ਦਿਤੀ ਗਈ।

ਚੀਫ ਜਸਟਿਸ ਮੇਕਕੇਕਨ ਨੇ ਕਿਹਾ ਕਿ ਉਸ ਨੂੰ ਇਹ ਖਬਰਾਂ ਪੜ੍ਹਕੇ 'ਪਰੇਸ਼ਾਨੀ' ਹੋਈ ਹੈ ਕਿ ਜ਼ਮਾਨਤਾਂ ਕਰਵਾਉਣ ਲਈ ਕੋਰਟ ਉਤੇ ਦਬਾਓ ਪਾਉਣ ਲਈ ਭਾਰੀ ਗਿਣਤੀ ਵਿਚ ਲੋਕਾਂ ਨੂੰ ਇਕੱਠਾ ਕੀਤਾ ਜਾ ਰਿਹਾ ਹੈ। ਜੱਜ ਨੇ ਕਿਹਾ ਕਿ ਜੇ ਅਜਿਹਾ ਕੀਤਾ ਗਿਆ ਤਾਂ ਕੋਰਟ ਨਹੀਂ ਬੈਠੇਗੀ।

ਜ਼ਮਾਨਤਾਂ ਦੀ ਕਾਰਵਾਈ ਕੋਰਟ ਨੇ ਵੀਰਵਾਰ ਤੱਕ ਮੁਲਤਵੀ ਕਰ ਦਿੱਤੀ ਕਿਉਂਕਿ ਡੀਫੈਂਸ ਦੇ ਤਿੰਨ ਵਕੀਲਾਂ ਵਿਚੋਂ ਦੋ ਹਾਜ਼ਰ ਨਹੀਂ ਸਨ।

ਮਨਮੋਹਨ ਸਿੰਘ ਨੇ ਕਿਹਾ ਕਿ ਉਹ ਮੀਡੀਏ ਨੂੰ ਇਸ ਲਈ ਬਿਆਨ ਨਹੀਂ ਦੇ ਰਿਹਾ ਕਿਉਂਕਿ ਪ੍ਰਵਾਰਾਂ ਦੇ ਮੈਂਬਰਾਂ ਨੇ ਕਿਹਾ ਹੈ ਸਾਨੂੰ ਡਰ ਹੈ ਕਿ ਜੱਜ ਹੋਰ ਗੁੱਸੇ ਨਾ ਹੋ ਜਾਵੇ ਤੇ 25 ਸਤੰਬਰ ਨੂੰ ਹੋਣ ਵਾਲੀ ਜ਼ਮਾਨਤਾਂ ਦੀ ਸੁਣਵਾਈ ਵਿਚ ਅੜਚਣ ਪਵੇ।

ਮਨਮੋਹਨ ਸਿੰਘ ਨੇ ਕਿਹਾ ਕਿ ਵੀਰਵਾਰ ਨੂੰ ਸਾਰੇ ਦੋਸਤ ਅਤੇ ਰਿਸ਼ਤੇਦਾਰ ਕੋਰਟ ਵਿਚ ਨਹੀਂ ਜਾਣਗੇ।

ਅਖਬਾਰ ਅਨੁਸਾਰ ਵਕੀਲ ਡੇਵਿਡ ਗਿਬਨਜ਼ ਨੇ ਕਿਹਾ ਕਿ ਉਹ ਤਿੰਨ ਕਥਿਤ ਦੋਸ਼ੀਆਂ ਦੀ ਪੈਰਵੀ ਕਰ ਰਿਹਾ ਹੈ, ਦੂਜਾ ਵਕੀਲ ਮਰਵਿਨ ਸਟਾਰੋ ਦੋ ਦੀ ਪੈਰਵੀ ਤੇ ਲੈਨਰਡ ਡਾਉਸਟ ਇਕ ਦੀ ਪੈਰਵੀ ਕਰ ਰਿਹਾ ਹੈ। ਦੋ ਵਕੀਲ ਹਾਜ਼ਰ ਨਹੀਂ ਹੋ ਸਕੇ।

ਨੌਂ ਵਿਅਕਤੀ — ਸੁਖਦਿਆਲ ਸਿੰਘ ਗਿੱਲ, ਜਸਪਾਲ ਸਿੰਘ ਅਟਵਾਲ, ਜਸਬੀਰ ਸਿੰਘ ਅਟਵਾਲ, ਅਮਰਜੀਤ ਸਿੰਘ ਢੀਂਡਸਾ, ਪਿਆਰਾ ਸਿੰਘ ਨੱਤ, ਹਰਜੀਤ ਸਿੰਘ ਅਟਵਾਲ, ਭੁਮਨ ਸਿੰਘ ਸੰਧੜ, ਰਣਜੀਤ ਸਿੰਘ ਗਰਚਾ ਅਤੇ ਅਮਰਜੀਤ ਸਿੰਘ ਸੰਧੂ ਇਸ ਕੇਸ ਵਿਚ ਫੜੇ ਹੋਏ ਹਨ। ਇਨ੍ਹਾਂ ਨੌਂ ਵਿਅਕਤੀਆਂ ਉਤੇ ਮਲਕੀਅਤ ਸਿੰਘ ਸਿੱਧੂ ਨੂੰ ਕਤਲ ਕਰਨ ਦੀ ਕਥਿਤ ਸਾਜ਼ਿਸ਼ ਦਾ ਕਥਿਤ ਦੋਸ਼ ਹੈ। ਇਹ ਘਟਨਾ 29 ਮਈ, 1986 ਨੂੰ ਗੋਲਡ ਰਿਵਰ ਦੇ ਨੇੜੇ ਵਾਪਰੀ ਜਿਥੇ ਸ੍ਰੀ ਸਿੱਧੂ ਦੇ ਗੋਲੀਆਂ ਮਾਰੀਆਂ ਗਈਆਂ।

ਰਾਜੀਵ ਗਾਂਧੀ ਆਸਟ੍ਰੇਲੀਆ ਨੂੰ

ਨਵੀਂ ਦਿੱਲੀ — ਬੀ. ਬੀ. ਸੀ. ਦੀ ਖਬਰ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ 14 ਅਕਤੂਬਰ ਤੋਂ ਤਿੰਨ ਦਿਨ ਲਈ ਆਸਟ੍ਰੇਲੀਆ ਦੀ ਯਾਤਰਾ ਉਤੇ ਜਾ ਰਹੇ ਹਨ।

ਇਹ ਵੀ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਬਦੇਸ਼ ਮੰਤਰੀ 11 ਅਕਤੂਬਰ ਨੂੰ ਨਵੀਂ ਦਿੱਲੀ ਪੁਜ ਰਹੇ ਹਨ ਅਤੇ ਉਹ ਭਾਰਤ ਦੇ ਪ੍ਰਮਾਣੂ ਪ੍ਰਯੋਗ ਸ਼ਲਾਵਾਂ ਦਾ ਮੁਆਇਨਾ ਕਰਨਗੇ।

ਕਾਤਲਾਂ ਨੂੰ ਬਾਦਲ ਵਲੋਂ 'ਸਰੋਪੇ' ਦਿਤੇ ਗਏ

ਬਰਨਾਲਾ ਵਲੋਂ ਬਾਦਲ ਧੜੇ ਨਾਲ ਸਮਝੌਤੇ ਤੋਂ ਨਾਂਹ

ਅੰਮ੍ਰਿਤਸਰ — ਇਕ ਖਬਰ ਅਨੁਸਾਰ ਸ਼ਨਿਚਰਵਾਰ ਨੂੰ ਹਰਿਮੰਦਰ ਕੰਪਲੈਕਸ ਵਿਚ ਜਾਗੀਰਦਾਰ ਧੜੇ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਲੌਂਗੋਵਾਲ ਅਤੇ ਜਨਰਲ ਵੈਦਿਆ ਦੇ ਕਾਤਲਾਂ ਨੂੰ ਸਰੋਪੇ ਬਖਸ਼ੇ। ਇਹ ਸਮਾਗਮ ਬਾਦਲ ਧੜੇ ਅਤੇ ਫੈਡਰੇਸ਼ਨ ਵਲੋਂ ਕੀਤਾ ਗਿਆ।

ਚੰਡੀਗੜ੍ਹ ਤੋਂ ਪੰਜਾਬ ਦੇ ਮੁਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੇ ਇਕ ਬਿਆਨ ਵਿਚ ਕਿਹਾ ਕਿ ਬਾਦਲ ਇਕ ਪਾਸੇ ਸੰਤ ਲੌਂਗੋਵਾਲ ਨੂੰ ਸ਼ਹੀਦ ਕਰਾਰ ਦਿੰਦਾ ਹੈ ਤੇ ਦੂਜੇ ਪਾਸੇ ਉਸ ਦੇ ਕਾਤਲਾਂ ਨੂੰ 'ਸਰੋਪੇ' ਬਖਸ਼ ਰਿਹਾ ਹੈ। ਸ: ਬਰਨਾਲਾ ਨੇ ਕਿਹਾ ਕਿ ਇਹ ਅਜਿਹੀ ਕਾਰਵਾਈ ਹੈ ਜੋ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਸ: ਬਰਨਾਲਾ ਨੇ ਐਲਾਨ ਕੀਤਾ ਕਿ ਬਾਦਲ ਧੜੇ ਨਾਲ ਹੁਣ ਸਮਝੌਤੇ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਬਾਦਲ ਇਕ ਪਾਸੇ ਇਹ ਬਿਆਨ ਦੇ ਰਿਹਾ ਹੈ ਕਿ ਮੁਖ ਮੰਤਰੀ ਦੇ ਅਤਿਵਾਦੀਆਂ ਨਾਲ ਸਬੰਧ ਹਨ, ਦੂਜੇ ਪਾਸੇ ਅਤਿਵਾਦੀਆਂ ਨਾਲ ਆਪ ਇਕੱਠੇ ਸਮਾਗਮ ਰਚਾ ਰਿਹਾ ਹੈ।

ਚੰਡੀਗੜ੍ਹ ਤੋਂ ਸਾਡੇ ਪੱਤਰ ਪਰੇਰਕ ਦਾ ਕਹਿਣਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਬਾਦਲ ਧੜੇ ਦੇ ਅਸੈਂਬਲੀ ਮੈਂਬਰਾਂ ਦੀਆਂ ਸੀਟਾਂ ਖਤਰੇ ਵਿਚ ਪੈ ਜਾਣ ਦਾ ਸੰਭਾਵਨਾ ਹੈ। ਸਪੀਕਰ ਵਲੋਂ ਬਾਦਲ ਧੜੇ ਨੂੰ ਮਾਨਤਾ ਦਿਤੇ ਜਾਣ ਦੀ ਸੰਭਾਵਨਾ ਨਹੀਂ ਦਿਸਦੀ। ਹੋ ਸਕਦਾ ਹੈ ਕਿ ਬਾਦਲ ਧੜੇ ਨਾਲ ਸਬੰਧਤ ਐਮ. ਐਲ. ਏ. ਜਾਂ ਤਾਂ ਬਰਨਾਲਾ ਧੜੇ ਵਿਚ ਸ਼ਾਮਲ ਹੋ ਜਾਣਗੇ ਜਾਂ ਉਨ੍ਹਾਂ ਨੂੰ ਦੁਬਾਰਾ ਚੋਣਾਂ ਦਾ ਸਾਹਮਣਾ ਕਰਨਾ ਪਵੇਗਾ।

ਸਿੰਗਾਪੁਰ ਸਰਕਕਾਰ ਵਲੋਂ ਵੀਜ਼ੇ ਦੀ ਪਾਬੰਦੀ

ਸਿੰਗਾਪੁਰ — ਸਿੰਗਾਪੁਰ ਸਰਕਾਰ ਦੇ ਇਕ ਬੁਲਾਰੇ ਨੇ ਇਥੇ ਦੱਸਿਆ ਕਿ ਸਰਕਾਰ ਨੇ ਭਾਰਤ ਤੋਂ ਆਉਣ ਵਾਲੇ ਵਿਅਕਤੀਆਂ ਉਤੇ ਵੀਜ਼ਾ ਲਾਉਣ ਦੀ ਵਿਵਸਥਾ ਕੀਤੀ ਹੈ। ਉਨ੍ਹਾਂ ਕਿਹਾ ਜੋ ਵੀ ਵਿਅਕਤੀ ਭਾਰਤ ਤੋਂ ਸਿੰਗਾਪੁਰ ਆਉਣਾ ਚਾਹੁੰਦਾ ਹੋਵੇ ਹੁਣ ਉਸ ਲਈ ਜ਼ਰੂਰੀ ਹੈ ਕਿ ਉਹ ਦੂਤਾਵਾਸ ਤੋਂ ਵੀਜ਼ਾ ਲੈ ਕੇ ਆਵੇ।

ਇਜਰਾਈਲ ਸੋਵੀਅਤ ਯੂਨੀਅਨ ਨਾਲ ਸਬੰਧ ਸੁਧਾਰਨ ਦਾ ਇੱਛੁਕ

ਤੇਲ ਅਬੀਬ — ਇਜਰਾਈਲ 19 ਸਾਲਾਂ ਤੋਂ ਵਿਗੜੇ ਸਬੰਧਾਂ ਨੂੰ ਸੋਵੀਅਤ ਯੂਨੀਅਨ ਨਾਲ ਮੁੜ ਤੋਂ ਬਹਾਲ ਕਰਨ ਦਾ ਇੱਛੁਕ ਹੈ ਇਹ ਗੱਲ ਇਜਰਾਈਲੀ ਪ੍ਰਧਾਨ ਮੰਤਰੀ ਸ਼ਿਮੋਨ ਪੇਰਜ ਨੇ ਸੋਵੀਅਤ ਵਿਦੇਸ਼ ਮੰਤਰੀ ਨਾਲ ਗੱਲਬਾਤ ਸਮੇਂ ਜ਼ਾਹਿਰ ਕੀਤੀ। ਇਹ ਮਿਲਣੀ ਦੋਨਾਂ ਦੇਸ਼ਾਂ ਦੇ ਲਈ ਇਕ ਉਚ ਪੱਧਰੀ ਮੀਟਿੰਗ ਸੀ ਜੋ ਕਿ 19 ਸਾਲਾਂ ਦੇ ਵਕਫੇ ਤੋਂ ਪਿਛੋਂ ਹੋਈ। ਯਾਦ ਰਹੇ ਕਿ 19 ਸਾਲ ਪਹਿਲਾਂ ਅਰਬ ਇਜਰਾਈਲੀ ਝਗੜੇ ਸਮੇਂ ਦੋਨਾਂ ਦੇਸ਼ਾਂ ਦੇ ਸਬੰਧ ਟੁਟ ਗਏ ਸਨ ਜਦੋਂ ਇਜਰਾਈਲ ਨੇ ਅਰਬਾਂ ਤੇ ਹਮਲਾ ਬੋਲਿਆ ਸੀ। ਇਜਰਾਈਲ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਜੇ ਕਾਫੀ ਗੱਲਾਂ ਬਾਰੇ ਵਿਚਾਰ ਕਰਨਾ ਹੈ ਸੋ ਅਸੀਂ ਸਬੰਧ ਸੁਧਾਰਨ ਲਈ ਗੱਲ ਜਾਰੀ ਰਖਾਂਗੇ।

ਜਿਹਲਮ ਉਤੇ ਬੰਨ੍ਹ ਬਨਾਉਣ ਬਾਰੇ ਪਾਕਿਸਤਾਨ ਚਿੰਤਤ

ਇਸਲਾਮਾਬਾਦ — ਪਾਕਿਸਤਾਨ ਦੇ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਨੇ ਇਥੇ ਕਿਹਾ ਕਿ ਭਾਰਤ ਜੰਮੂ ਕਸ਼ਮੀਰ ਦੇ 1960 ਦੇ ਸਮਝੌਤੇ ਦੀ ਉਲੰਘਣਾ ਕਰਕੇ ਜਿਹਲਮ ਦਰਿਆ ਉਤੇ ਬੰਨ੍ਹ ਲਾ ਰਿਹਾ ਹੈ। ਜ਼ਿਆ ਨੇ ਕਿਹਾ ਕਿ ਜੇ ਭਾਰਤ ਸਰਕਾਰ ਨੇ ਇਹ ਕਦਮ ਚੁਕਿਆ ਤਾਂ ਪਾਕਿਸਤਾਨ ਇਸ ਬੰਨ੍ਹ ਨੂੰ ਰੋਕਣ ਲਈ ਕਦਮ ਚੁਕੇਗਾ।

ਮੁਜ਼ਾਹਰੇ ਲਈ ਬੱਸਾਂ ਚਲਣਗੀਆਂ

27 ਸਤੰਬਰ ਦੇ ਫਾਰਮ ਵਰਕਰਜ਼ ਯੂਨੀਅਨ ਵਲੋਂ ਕੀਤੇ ਜਾ ਰਹੇ ਮੁਜ਼ਾਹਰੇ ਦੇ ਸਬੰਧ ਵਿਚ ਯੂਨੀਅਨ ਦੇ ਪ੍ਰਧਾਨ ਸ੍ਰੀ ਸਰਵਣ ਬੋਲ ਨੇ ਸੂਚਨਾ ਦਿਤੀ ਹੈ ਕਿ ਗੁਰਦੁਆਰਾ ਰੌਸ ਸਟਰੀਟ, ਗੁਰਦੁਆਰਾ ਸਰੀ, ਗੁਰਦੁਆਰਾ ਐਬਟਸਫੋਰਡ ਤੇ ਗੁਰਦੁਆਰਾ ਸੁਖ ਸਾਗਰ ਨਿਊਵੈਸਟ ਤੋਂ ਬੱਸਾਂ ਚਲਣਗੀਆਂ। ਮੁਜ਼ਾਹਰੇ ਵਿਚ ਸ਼ਾਮਲ ਹੋਣ ਵਾਲੇ ਲੋਕ 11 ਵਜੇ ਤੋਂ ਪਹਿਲਾਂ ਇਹਨਾਂ ਥਾਵਾਂ ਤੇ ਪੁਜ ਜਾਣ। ਜਿਹਨਾਂ ਵੀਰਾਂ ਨੇ ਆਪਣੀਆਂ ਕਾਰਾਂ ਲੈ ਜਾਣੀਆਂ ਹਨ ਉਹ ਰੌਸ ਸਟਰੀਟ ਗੁਰੂ ਘਰ ਆਪਣੀਆਂ ਕਾਰਾਂ ਪਾਰਕ ਕਰਕੇ ਰਾਈਡ ਲੈ ਸਕਦੇ ਹਨ।

ਕਨੇਡੀਅਨ ਫਾਰਮਵਰਕਰ ਯੂਨੀਅਨ ਵਲੋਂ ਬੇਇਨਸਾਫੀ ਭਰੇ ਬੇਰੁਜ਼ਗਾਰੀ ਭੱਤੇ ਦੇ ਖਿਲਾਫ ਇਕ ਭਾਰੀ ਰੋਸ ਮਾਰਚ

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ 27 ਸਤੰਬਰ ਦਿਨ ਸਨਿਚਰਵਾਰ ਦੁਪਹਿਰ ਇਕ ਵਜੇ ਵੈਨਕੂਵਰ ਕੁਈਨ ਇਲਿਜਬਿਥ ਥੀਏਟਰ, ਜੋ ਕਿ 649 ਕੈਂਬੀ ਸਟਰੀਟ 'ਤੇ ਹੈ, ਤੋਂ ਪੁਰਾਣੇ ਕੋਰਟ ਹਾਊਸ ਜੋ ਕਿ ਹਾਰਨਬੀ ਤੇ ਜਾਰਜੀਆ ਦੇ ਕੋਨੇ ਤੇ ਹੈ, ਤਕ ਭਾਰੀ ਰੋਸ ਮਾਰਚ ਹੋਵੇਗਾ ਅਤੇ ਪੂਰੇ ਦੋ ਵਜੇ ਕੋਰਟ ਹਾਊਸ ਦੇ ਸਾਹਮਣੇ ਮਜ਼ਦੂਰ ਲੀਡਰਾਂ ਅਤੇ ਉਘੇ ਵਿਅਕਤੀਆਂ ਵਲੋਂ ਇਸ ਕਾਨੂੰਨ ਦੇ ਖਿਲਾਫ ਵਿਚਾਰ ਦੱਸੇ ਜਾਣਗੇ।

ਸਾਰੇ ਫਾਰਮ ਵਰਕਰਜ਼ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੂਰੇ ਇਕ ਵਜੇ ਹੁੰਮ ਹੁਮਾ ਕੇ ਵੈਨਕੂਵਰ ਕੁਈਨ ਇਲਿਜ਼ਬਿਥ ਥੀਏਟਰ ਪਹੁੰਚੋ। ਪਹਿਲਾਂ ਦੀ ਤਰ੍ਹਾਂ ਜਿਨ੍ਹਾਂ ਪਾਸ ਰਾਈਡ ਨਹੀਂ ਉਨ੍ਹਾਂ ਲਈ ਹਰ ਗੁਰੂ ਘਰ ਤੋਂ ਬੱਸਾਂ ਦਾ ਇਤਜ਼ਾਮ ਹੈ। ਹੋਰ ਜਾਣਕਾਰੀ ਲਈ ਯੂਨੀਅਨ ਦੇ ਦਫਤਰ ਫੋਨ ਕਰੋ।

ਸਰਵਨ ਬੋਲ, ਪ੍ਰਧਾਨ
ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ

ਹੋਰ ਜਾਣਕਾਰੀ ਲਈ ਫੋਨ ਕਰੋ :—
ਐਬਟਸਫੋਰਡ — 852-2503 — ਮਿਸ਼ਨ — 826-9909
ਵੈਨਕੂਵਰ — 430-6055

ਦਾਰਜੀਲਿੰਗ ਵਿਚ ਫੌਜ ਬੁਲਾ ਲਈ ਗਈ

ਗੋਰਖਾ ਮਾਮਲੇ ਉਤੇ ਕਾਂਗਰਸ ਵਿਚ ਜ਼ਬਰਦਸਤ ਫੁੱਟ

ਕਲਕੱਤਾ — ਇਥੋਂ ਮਿਲੀਆਂ ਖਬਰਾਂ ਅਨੁਸਾਰ ਦਾਰਜੀਲਿੰਗ ਦੇ ਇਲਾਕੇ ਵਿਚ ਫੌਜ ਬੁਲਾ ਲਈ ਗਈ ਹੈ। ਅੱਜ ਦੀ ਖਬਰ ਅਨੁਸਾਰ ਇਕ ਵਿਅਕਤੀ ਮਾਰਿਆ ਗਿਆ ਹੈ ਅਤੇ 21 ਵਿਅਕਤੀ ਜ਼ਖਮੀ ਹੋਏ ਹਨ।

ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਵਿਚ ਤਣਾਅ ਉਸ ਸਮੇਂ ਤੋਂ ਵਧ ਗਿਆ ਹੈ ਜਦ ਤੋਂ ਪ੍ਰਧਾਨ ਮੰਤਰੀ ਸ੍ਰੀ ਗਾਂਧੀ ਤਿੰਨ ਦਿਨਾਂ ਦੌਰੇ ਤੋਂ ਪਰਤੇ ਹਨ ਸ੍ਰੀ ਗਾਂਧੀ ਨੇ ਇਥੇ ਕਿਹਾ ਕਿ ਗੋਰਖਾ ਅੰਦੋਲਨ ਰਾਸ਼ਟਰ ਵਿਰੋਧੀ ਨਹੀਂ ਹੈ। ਉਨ੍ਹਾਂ ਦੀਆਂ ਕੁਝ ਸ਼ਹਿਰੀਅਤ ਬਾਰੇ ਮੰਗਾਂ ਹਨ ਜਿਨ੍ਹਾਂ ਉਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਸ੍ਰੀ ਗਾਂਧੀ ਦੇ ਦਿੱਲੀ ਮੁੜਨ ਉਤੇ ਗੋਰਖਾ ਅੰਦੋਲਨ ਵਾਲੇ ਹੋਰ ਵੀ ਭੜਕ ਪਏ ਜਿਸ ਕਾਰਨ ਗੋਰਖਾ ਲੀਗ ਦੇ ਵਲੰਟੀਅਰਾਂ ਵਲੋਂ ਛੇ ਬੱਸਾਂ ਜਲਾ ਦਿੱਤੀਆਂ ਗਈਆਂ।

ਪਾਣੀ ਵਿਚ ਜ਼ਹਿਰ ਮਿਲਾ ਦਿਤਾ

ਪਤਾ ਲੱਗਾ ਹੈ ਕਿ ਅੰਦੋਲਨਕਾਰੀਆਂ ਵਲੋਂ ਪਾਣੀ ਦੀਆਂ ਪਾਈਪਾਂ ਵਿਚ ਜ਼ਹਿਰ ਮਿਲਾ ਦਿਤਾ ਗਿਆ। ਪੱਛਮੀ ਬੰਗਾਲ ਦੀ ਸਰਕਾਰ ਨੇ ਪਾਣੀ ਦੇ ਨਮੂਨੇ ਚੈਕ ਕਰਵਾਉਣ ਲਈ ਭੇਜ ਦਿਤੇ ਹਨ।

ਦਾਰਜੀਲਿੰਗ ਮੁਕੰਮਲ ਬੰਦ

ਖਬਰਾਂ ਮਿਲਣ ਤੱਕ ਦਾਰਜੀਲਿੰਗ ਮੁਕੰਮਲ ਤੌਰ ਉਤੇ ਬੰਦ ਸੀ। ਐਤਵਾਰ ਨੂੰ ਗੋਰਖਾ ਲੀਗ ਦੇ ਸਮਰਥਕਾਂ ਦੇ 40 ਘਰਾਂ ਨੂੰ ਸ਼ਰਾਰਤੀਆਂ ਵਲੋਂ ਅੱਗ ਲਗਾ ਦਿਤੀ ਗਈ ਸੀ।

ਪੱਛਮੀ ਬੰਗਾਲ ਸਰਕਾਰ ਸਖਤ ਕਦਮ ਚੁਕੇਗੀ

ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਪ੍ਰਧਾਨ ਮੰਤਰੀ ਦੇ ਬਿਆਨਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਆਪਣੇ ਸਵਾਰਥੀ ਰਾਜਸੀ ਹਿਤਾਂ ਲਈ ਅਜਿਹੇ ਅੰਦੋਲਨ ਦੀ ਮੱਦਦ ਕਰ ਰਹੇ ਹਨ ਜਿਸਦੇ ਸਿੱਟੇ ਦੇਸ਼ ਲਈ ਭਿਆਨਕ ਨਿਕਲਣਗੇ।

ਕਾਂਗਰਸ (ਆਈ) ਦੇ ਪ੍ਰਧਾਨ ਪ੍ਰਿਅ ਰੰਜਨ ਦਾਸ ਮੁਨਸ਼ੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਕਾਂਗਰਸ ਪੱਛਮੀ ਬੰਗਾਲ ਸਰਕਾਰ ਨੂੰ ਮੁਕੰਮਲ ਸਮਰਥਨ ਦੇਵੇਗੀ ਤਾਂ ਕਿ ਗੋਰਖਾ ਅੰਦੋਲਨ ਨਾਲ ਨਜਿਠਿਆ ਜਾ ਸਕੇ।

ਸੋਵੀਅਤ ਯੂਨੀਅਨ ਉਚ ਪੱਧਰੀ ਵਾਰਤਾ ਲਈ ਆਸਵੰਦ

ਰੂਸੀ ਵਿਦੇਸ਼ ਮੰਤਰੀ ਦਾ ਯੂ. ਐਨ. ਓ. ਵਿਚ ਭਾਸ਼ਨ

ਰੂਸੀ ਵਿਦੇਸ਼ ਮੰਤਰੀ ਨੇ ਪਿਛਲੇ ਦਿਨੀਂ ਆਪਣੇ ਯੂ. ਐਨ. ਓ. ਵਿਚ ਦਿਤੇ ਭਾਸ਼ਣ ਵਿਚ ਇਹ ਆਸ ਪ੍ਰਗਟ ਕੀਤੀ ਕਿ ਉਹ ਪੂਰੇ ਆਸਵੰਦ ਹਨ ਕਿ ਅਮਰੀਕੀ ਪ੍ਰਧਾਨ ਰੀਗਨ ਅਤੇ ਸੋਵੀਅਤ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਗੋਰਵਾਚੇਵ ਵਿਚਕਾਰ ਇਸ ਸਾਲ ਦੇ ਅਖੀਰ ਤੱਕ ਉਹ ਪੱਧਰੀ ਗਲਬਾਤ ਹੋਵੇਗੀ। ਉਹਨਾਂ ਕਿਹਾ ਕਿ ਇਸਦੇ ਚੰਗੇ ਸਿੱਟੇ ਨਿਕਲ ਸਕਦੇ ਹਨ ਜੇ ਦੂਜੀ ਧਿਰ ਵੀ ਇਸੇ ਤਰ੍ਹਾਂ ਹੀ ਸੰਜੀਦਾ ਤੇ ਪ੍ਰਮਾਣੂ ਹਥਿਆਰਾਂ ਦੀ ਰੋਕ ਲਈ ਕੋਸ਼ਿਸ਼ ਕਰੇ। ਉਹਨਾਂ ਕਿਹਾ ਕਿ ਸੋਵੀਅਤ ਯੂਨੀਅਨ ਦੁਆਰਾ ਕੀਤੇ ਐਲਾਨ ਕਿ ਉਹ ਹੋਰ ਪ੍ਰਮਾਣੂ ਪਰੀਖਣ ਨਹੀਂ ਕਰਨਗੇ, ਜੇ ਅਮਰੀਕਾ ਪ੍ਰਮਾਣੂ ਹਥਿਆਰਾਂ ਨੂੰ ਖਲਾਅ ਵਿਚ ਲੈ ਜਾਣ ਤੋਂ ਹਟ ਜਾਵੇ ਤੇ ਗਲਬਾਤ ਰਾਹੀਂ ਇਹਨਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਅਸੀਂ ਕਿਸੇ ਵੀ ਸਮੇਂ ਕਿਸੇ ਵੀ ਥਾਂ ਪ੍ਰਮਾਣੂ ਤੇ ਹਥਿਆਰ ਰੋਕੂ ਸੰਧੀ ਤੇ ਦਸਤਖਤ ਕਰਨ ਨੂੰ ਤਿਆਰ ਹਾਂ

ਬਾਦਲ ਨੂੰ ਮਾਰਨ ਦੀ ਸਾਜ਼ਿਸ਼ ਨਾਕਾਮ

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਬਾਦਲ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੂੰ ਮਾਰਨ ਦੀ ਸਾਜ਼ਿਸ਼ ਨਾਕਾਮ ਹੋ ਗਈ ਹੈ। ਖਬਰ ਦਾ ਵਿਸਥਾਰ ਨਹੀਂ ਮਿਲ ਸਕਿਆ।

ਐਨ. ਡੀ. ਪੀ. ਘੱਟ ਤੋਂ ਘੱਟ ਦਿਹਾੜੀ ਵਿਚ ਇਕ ਡਾਲਰ ਦਾ ਵਾਧਾ ਕਰੇਗੀ — ਬਾਬ ਸਕੇਲੀ



ਘੱਟ ਤੋਂ ਘੱਟ ਦਿਹਾੜੀ ਦਾ ਵਿਸ਼ਾ ਅੱਜ ਕਲ ਕਾਫੀ ਚਰਚਾ ਦਾ ਕਾਰਨ ਬਣਿਆ ਹੋਇਆ ਹੈ। ਬੀ. ਸੀ. ਸੂਬੇ ਵਿਚ ਘੱਟ ਤੋਂ ਘੱਟ ਦਿਹਾੜੀ ਪ੍ਰਤੀ ਘੰਟਾ ਤਿੰਨ ਡਾਲਰ 65 ਸੈਂਟ ਹੈ ਇਹ ਦਰ ਕੈਨੇਡਾ ਦੇ ਸਾਰੇ ਸੂਬਿਆਂ ਵਿਚ ਦਿਤੀ ਜਾਂਦੀ ਦਿਹਾੜੀ ਵਿਚ ਸਭ ਤੋਂ ਘੱਟ ਹੈ। ਐਨ. ਡੀ. ਪੀ. ਦੇ ਲੀਡਰ ਬਾਬ ਸਕੇਲੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜੇ ਉਹ 22 ਅਕਤੂਬਰ ਦੇ ਆਉਣ ਵਾਲੇ ਇਲੈਕਸ਼ਨ ਵਿਚ ਜਿੱਤ ਗਏ ਤੇ ਉਸਦੀ ਪਾਰਟੀ ਨੇ ਸਰਕਾਰ ਬਣਾਈ ਤਾਂ ਉਹ ਇਸ ਪ੍ਰਤੀ ਘੰਟਾ 3.65 ਡਾਲਰ ਤੋਂ ਵਧਾ ਕੇ 4.65 ਡਾਲਰ ਕਰ ਦੇਣਗੇ। ਉਹਨਾਂ ਦੇ ਇਸ ਬਿਆਨ ਦਾ ਜਵਾਬ ਦਿੰਦਿਆਂ ਸੋਕਰਡ ਦੇ ਮੌਜੂਦਾ ਪ੍ਰੀਮੀਅਰ ਨੇ ਕਿਹਾ ਕਿ ਉਹ ਇਸ ਉਤੇ ਵਿਚਾਰ ਕਰੇਗਾ ਜੇ ਲੋੜ ਪਈ ਤਾਂ ਇਹ ਘਟ ਵੀ ਸਕਦੀ ਹੈ ਜਾਂ ਵਧ ਵੀ ਸਕਦੀ ਹੈ ਜਾਂ ਇਹ ਪਾਬੰਦੀ ਹੀ ਖਤਮ ਕਰ ਦਿਤੀ ਜਾਵੇਗੀ। ਵੈਂਡਰਜ਼ਾਮ ਦਾ ਖਿਆਲ ਹੈ ਜੇ ਪਾਬੰਦੀ ਖਤਮ ਕਰ ਦਿਤੀ ਜਾਵੇ ਤਾਂ ਮਾਲਕ ਮਜ਼ਦੂਰੀ ਵਧ ਵੀ ਦੇਣ ਨੂੰ ਤਿਆਰ ਹੋਣਗੇ। ਪਰ ਅਜ ਤੱਕ ਇਹ ਕਦੀ ਦੇਖਣ ਵਿਚ ਨਹੀਂ ਆਇਆ ਕਿ ਮਾਲਕ 3.65 ਤੋਂ ਵੱਧ ਮਜ਼ਦੂਰੀ ਦੇਣ ਲਈ ਆਪਣੀ ਮਰਜ਼ੀ ਨਾਲ ਰਜ਼ਾਮੰਦ ਹੋਏ ਹਨ। ਜੇ ਮਜ਼ਦੂਰੀ ਦੀ ਘੱਟ ਤੋਂ ਘੱਟ ਪ੍ਰਤੀ ਘੰਟਾ ਕੀਮਤ ਤੋਂ ਪਾਬੰਦੀ ਖਤਮ ਕੀਤੀ ਗਈ ਤਾਂ ਖੇਤ ਮਜ਼ਦੂਰਾਂ, ਸਫਾਈ ਮਜ਼ਦੂਰਾਂ, ਜਾਂ ਗੈਰ ਯੂਨੀਅਨ ਕਾਮਿਆਂ ਨੂੰ ਕਿਸੇ ਨੇ ਵੀ ਤਿੰਨ ਡਾਲਰ 65 ਸੈਂਟ ਜੋ ਹੁਣ ਕਾਨੂੰਨਨ ਦੇਣੇ ਪੈਂਦੇ ਹਨ ਨਹੀਂ ਦੇਣੇ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਬੀ. ਸੀ. ਦੀਆਂ ਚੋਣਾਂ

ਕੱਲ੍ਹ ਬੀ. ਸੀ. ਦੇ ਪ੍ਰੀਮੀਅਰ ਮਿ: ਵੈਂਡਰਜ਼ਾਮ ਨੇ ਬ੍ਰਿਟਿਸ਼ ਕੋਲੰਬੀਆ ਵਿਚ ਆਮ ਚੋਣਾਂ ਦਾ ਐਲਾਨ ਕੀਤਾ ਹੈ। ਇਹ ਚੋਣਾਂ 22 ਅਕਤੂਬਰ ਨੂੰ ਹੋਣੀਆਂ ਹਨ ਜਿਸ ਦਿਨ ਤੋਂ ਮਿ: ਵੈਂਡਰਜ਼ਾਮ ਸੋਸ਼ਲ ਕਰੈਡਿਟ ਪਾਰਟੀ ਦੇ ਨਵੇਂ ਲੀਡਰ ਚੁਣੇ ਗਏ ਸਨ, ਉਸ ਦਿਨ ਤੋਂ ਹੀ ਇਹ ਅੰਦਾਜ਼ੇ ਲੱਗਣੇ ਸ਼ੁਰੂ ਹੋ ਗਏ ਸਨ ਕਿ ਚੋਣਾਂ ਜਲਦੀ ਹੀ ਕਰਵਾਈਆਂ ਜਾਣਗੀਆਂ। ਚੋਣਾਂ ਇਸ ਲਈ ਵੀ ਜ਼ਰੂਰੀ ਸਨ ਕਿ ਮਿ: ਵੈਂਡਰਜ਼ਾਮ ਆਪ ਲੈਜਿਸਲੇਚਰ ਦੇ ਮੈਂਬਰ ਨਹੀਂ ਸਨ ਅਤੇ ਜਮਹੂਰੀ ਫੈਸਲੇ ਉਹ ਤਦ ਹੀ ਲੈਣ ਦੇ ਸਮਰਥ ਹੋ ਸਕਦੇ ਹਨ ਜੇ ਉਹ ਜਮਹੂਰੀ ਢੰਗ ਨਾਲ ਚੁਣੇ ਗਏ ਨੁਮਾਇੰਦੇ ਹੋਣ। ਉਨ੍ਹਾਂ ਦੀ ਚੋਣ ਉਨ੍ਹਾਂ ਦੀ ਪਾਰਟੀ ਨੇ ਕੀਤੀ ਸੀ ਨਾ ਕਿ ਬੀ. ਸੀ. ਦੇ ਆਮ ਲੋਕਾਂ ਨੇ।

ਹੁਣ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਮੌਕਾ ਮਿਲਿਆ ਹੈ ਕਿ ਉਹ ਵੋਟਾਂ ਰਾਹੀਂ ਫਤਵਾ ਦੇਣ ਕਿ ਉਹ ਕਿਸ ਆਗੂ ਅਤੇ ਕਿਸ ਪਾਰਟੀ ਨੂੰ ਸਰਕਾਰ ਚਲਾਉਣ ਦਾ ਹੱਕ ਦੇਣਾ ਚਾਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਨਵੇਂ ਲੀਡਰ ਦੀ ਚੋਣ ਨਵੀਆਂ ਸੰਭਾਵਨਾਵਾਂ ਨੂੰ ਜਨਮ ਦਿੰਦੀ ਹੈ। ਨਵੇਂ ਲੀਡਰ ਨਾਲ ਲੋਕਾਂ ਦੀਆਂ ਸੰਭਾਵਨਾਵਾਂ ਵੀ ਨਵੀਆਂ ਅੰਗੜਾਈਆਂ ਲੈਂਦੀਆਂ ਹਨ।

ਬੀ. ਸੀ. ਦੇ ਵੋਟਰਾਂ ਸਾਹਮਣੇ ਮੁੱਖ ਮਸਲੇ — ਬੇਰੁਜ਼ਗਾਰੀ, ਲੰਬਰ ਮਿਲਾਂ ਦੀ ਤਰਸਯੋਗ ਹਾਲਤ, ਸ਼ਿੰਗਲ-ਮਿਲਾਂ ਦੀਆਂ ਸਮੱਸਿਆਵਾਂ, ਸਮੁੱਚੇ ਤੌਰ ਤੇ ਸੂਬੇ ਦੀ ਆਰਥਿਕਤਾ, ਘੱਟੋ ਘੱਟ ਉਜਰਤ ਦਾ ਮਾਮਲਾ ਹਨ। ਬੇਰੁਜ਼ਗਾਰੀ ਦੀ ਸਮੱਸਿਆ ਸਭ ਤੋਂ ਭਿਆਨਕ ਹੈ। ਸਾਡੀ ਛੋਟੀ ਜਹੀ ਕਮਿਊਨਿਟੀ ਲਈ ਇਹ ਜ਼ਰੂਰੀ ਹੈ ਕਿ ਅਸੀਂ ਕੈਨੇਡਾ ਅਤੇ ਸੂਬਾਈ ਪੱਧਰ ਉਤੇ ਉਪਰੋਕਤ ਮਾਮਲਿਆਂ ਸਬੰਧੀ ਆਪਣੇ ਵਿਚਾਰ ਬਣਾਈਏ ਅਤੇ ਜਿਸ ਪਾਰਟੀ ਨੂੰ ਵੀ ਇਨ੍ਹਾਂ ਮਸਲਿਆਂ ਦੇ ਹੱਲ ਕਰਨ ਦੇ ਯੋਗ ਸਮਝਦੇ ਹਾਂ — ਉਸ ਦਾ ਸਮਰਥਨ ਕਰੀਏ।

ਆਮ ਤੌਰ ਉਤੇ ਸਾਡੀ ਕਮਿਊਨਿਟੀ ਦੇ ਲੋਕ ਵੋਟਾਂ ਪਾਉਣ ਜਾਣ ਸਮੇਂ ਅਵੇਸਲੇਪਨ ਤੋਂ ਕੰਮ ਲੈਂਦੇ ਹਨ। ਆਪਣੇ ਜਮਹੂਰੀ ਹੱਕ ਨੂੰ ਵਰਤਣਾ ਬਹੁਤ ਜ਼ਰੂਰੀ ਹੈ। ਜੋ ਲੋਕ ਇਥੋਂ ਦੀ ਸਿਆਸਤ ਵਿਚ ਸਰਗਰਮ ਹਨ ਉਨ੍ਹਾਂ ਨੂੰ ਪਤਾ ਹੈ ਕਿ ਕੋਈ ਟਾਵਾਂ ਟਾਵਾਂ ਵਿਅਕਤੀ ਹੀ ਏਥੋਂ ਦੀ ਸਿਆਸਤ ਵਿਚ ਸਰਗਰਮ ਹੈ ਨਹੀਂ ਤਾਂ ਸਾਡੀ ਕਮਿਊਨਿਟੀ ਦੀ ਸਿਆਸਤ ਗੁਰਦੁਆਰਿਆਂ ਤੱਕ ਹੀ ਸੀਮਤ ਰਹਿ ਗਈ ਹੈ।

ਅਸੀਂ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿਖ ਵੱਲ ਝਾਤੀ ਨਹੀਂ ਮਾਰਾਂਗੇ ਜਾਂ ਅਸੀਂ ਸਾਡੇ ਬਾਰੇ ਹੋਣ ਵਾਲੇ ਫੈਸਲੇ ਦੂਜਿਆਂ ਉਤੇ ਛੱਡਾਂਗੇ ਤਾਂ ਸਾਡਾ ਭਵਿਖ ਨਿਸਚੇ ਹੀ ਬਹੁਤਾ ਸੰਭਾਵਨਾਵਾਂ ਭਰਿਆ ਨਹੀਂ ਹੋ ਸਕੇਗਾ। ਸਾਰੀਆਂ ਪਾਰਟੀਆਂ ਦੇ ਪਰੋਗਰਾਮਾਂ ਨੂੰ ਸਮਝਣਾ ਅਤੇ ਵਿਚਾਰਨਾ ਸਾਡੇ ਲਈ ਜ਼ਰੂਰੀ ਹੈ। ਫਿਰ ਜਿਸ ਵੀ ਪਾਰਟੀ ਦੇ ਪਰੋਗਰਾਮ ਨਾਲ ਅਸੀਂ ਮੁਤਫ਼ਿਕ ਹੋਈਏ, ਉਸ ਦੀ ਸਿਆਸਤ ਵਿਚ ਸਰਗਰਮ ਹੋਣਾ ਸਾਡੇ ਲਈ ਜ਼ਰੂਰੀ ਹੈ।

ਬੀ. ਸੀ. ਦੀਆਂ ਚੋਣਾਂ ਤੋਂ ਮਗਰੋਂ ਨਾਲ ਹੀ ਮਿਊਂਸਪਲ ਪੱਧਰ ਦੀਆਂ ਚੋਣਾਂ ਵੀ ਆ ਰਹੀਆਂ ਹਨ। ਉਨ੍ਹਾਂ ਵਿਚ ਵੀ ਸਾਨੂੰ ਸਰਗਰਮ ਹਿੱਸਾ ਲੈਣਾ ਚਾਹੀਦਾ ਹੈ। ਜਦ ਅਸੀਂ ਇਸ ਮੁਲਕ ਨੂੰ ਅਪਣਾ ਚੁਕੇ ਹਾਂ ਤਾਂ ਇਸ ਮੁਲਕ ਵਿਚ ਆਪਣੀ ਤਕਦੀਰ ਦਾ ਫੈਸਲਾ ਕਰਨਾ ਵੀ ਸਾਡੇ ਲਈ ਜ਼ਰੂਰੀ ਹੈ।

ਜੋਬਨ ਦੀ ਬੇਰੁਖੀ ਨੂੰ ਪੋਹੀ ਕਦੋਂ ਸ਼ਿਕਾਇਤ
ਜੱਲਾਦ ਦੇ ਛੁਰੇ ਨੂੰ ਘਾਇਲ ਦੀ ਲੋਰ ਕੀ ਹੈ?

ਸ਼ੋਭਾ ਤੇਰੀ ਨੂੰ ਸ਼ਰਧਾ, ਸ਼ਰਧਾ ਮੇਰੀ ਨੂੰ ਸੂਲਾਂ
ਦਸਤੂਰ ਇਹ ਪੁਰਾਣਾ, ਇਹ ਮੇਰ-ਤੇਰ ਕੀ ਹੈ?

ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਮਾਯੂਸ ਦੂਚਿੱਤੀ ਦਾ ਸ਼ਿਕਾਰ

(ਨੋਟ :— ਸਿੱਖ ਦਹਿਸ਼ਤਗਰਦੀ ਦੇ ਸਭ ਤੋਂ ਵੱਧ ਸ਼ਿਕਾਰ ਸਿੱਖ ਆਪ ਹਨ। ਲੱਖਾਂ ਸਿੱਖ ਜੋ ਪੰਜਾਬ ਤੋਂ ਬਾਹਰ ਰਹਿੰਦੇ ਹਨ ਅਤੇ ਪੰਜਾਬ ਤੋਂ ਬਾਹਰ ਹੀ ਆਪਣੀ ਰੋਜ਼ੀ ਕਮਾਉਂਦੇ ਹਨ ਜਿਨ੍ਹਾਂ ਆਪਣੇ ਹੁਨਰ ਅਤੇ ਭਰੋਸੇ ਦੇ ਸਿਰ ਉਤੇ ਲੱਖਾਂ ਦਾ ਕਾਰੋਬਾਰ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤੇ ਅਜਿਹੇ ਹਨ ਜਿਨ੍ਹਾਂ ਪੰਜਾਬ ਵਿਚ ਕਦੇ ਪੈਰ ਨਹੀਂ ਪਾਇਆ। ਪਰ ਵਧ ਰਹੀ ਦਹਿਸ਼ਤਗਰਦੀ ਕਾਰਨ ਹਿੰਦੂ ਜਨੂੰਨੀਆਂ ਹੱਥੋਂ ਉਹ ਬਾਹਰਲੇ ਸੂਬਿਆਂ ਵਿਚ ਤੰਗ ਅਤੇ ਪਰੇਸ਼ਾਨ ਹਨ। ਬਹੁਗਿਣਤੀ ਹਿੰਦੂਆਂ ਵਿਚ ਗਲਤ ਜਾਂ ਠੀਕ ਮਨੋਵਿਗਿਆਨਕ ਤੌਰ ਉਤੇ ਇਹ ਭੁਲੇਖਾ ਹੈ ਕਿ ਮਾਡਰੇਟ ਸਿੱਖਾਂ ਨੇ ਵੀ ਅਤਿਵਾਦ ਦੀ ਜ਼ੋਰ ਨਾਲ ਨਿੰਦਿਆ ਨਹੀਂ ਕੀਤੀ। ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਇਸ ਸਮੇਂ ਦੂਚਿੱਤੀ ਦਾ ਸ਼ਿਕਾਰ ਹਨ — ਕਿ ਉਹ ਉਨ੍ਹਾਂ ਸੂਬਿਆਂ ਵਿਚ ਹੀ ਡਟੇ ਰਹਿਣ ਜਿਥੇ ਉਹ ਰਹਿੰਦੇ ਹਨ ਤੇ ਸਾਬਤ ਕਰ ਦੇਣ ਕਿ ਉਹ ਦੇਸ਼ ਦੀ ਏਕਤਾ ਦੇ ਮੁਦੱਈ ਹਨ ਜਾਂ ਆਪਣੇ ਡਰ ਅਤੇ ਅਸੁਰੱਖਿਆ ਕਾਰਨ ਪੰਜਾਬ ਵਿਚ ਹਿਜਰਤ ਕਰ ਜਾਣ। ਹਜ਼ਾਰਾਂ ਲੋਕ ਇਸ ਦੂਚਿੱਤੀ ਵਿਚ ਫਸੇ ਬੈਠੇ ਹਨ। ਰਾਮਿੰਦਰ ਸਿੰਘ ਨੇ ਕਾਨਪੁਰ, ਪਟਨਾ, ਕਲਕੱਤਾ ਅਤੇ ਬੰਬਈ ਵਿਚ ਸਿੱਖਾਂ ਦੇ ਮਨੋਭਾਵਾਂ ਨੂੰ ਸਮਝਿਆ ਹੈ ਅਤੇ ਇਸ ਦੂਚਿੱਤੀ ਦੀ ਰੀਪੋਰਟ ਪੇਸ਼ ਕੀਤੀ ਹੈ)



ਹਫ਼ਤੇ ਵਿਚ ਚਾਰ ਦਿਨ ਟਾਟਾ ਐਕਸਪ੍ਰੈਸ ਗੱਡੀ ਕਾਨਪੁਰ ਅਤੇ ਅੰਮ੍ਰਿਤਸਰ ਵਿਚਕਾਰ ਚਲਦੀ ਹੈ। ਜਦ ਵੀ ਇਹ ਗੱਡੀ ਕਾਨ੍ਹਪੁਰ ਦੇ ਰੇਲਵੇ ਸਟੇਸ਼ਨ ਤੋਂ ਤੁਰਦੀ ਹੈ ਤਾਂ ਇਸ ਵਿਚ ਘੱਟੋ ਘੱਟ ਦੋ ਸਿੱਖ ਪ੍ਰਵਾਰ ਆਪਣੇ ਸਾਮਾਨ ਸਮੇਤ ਇਸ ਵਿਚ ਪੰਜਾਬ ਨੂੰ ਚੜ੍ਹਦੇ ਹਨ। ਕਈ ਵਾਰ ਬਹੁਤੇ ਪ੍ਰਵਾਰ ਵੀ ਹੁੰਦੇ ਹਨ ਪਰ ਦੋ ਤੋਂ ਘੱਟ ਕਦੇ ਨਹੀਂ। ਇਸ ਤਰ੍ਹਾਂ ਕਾਨ੍ਹਪੁਰ ਵਿਚੋਂ ਇਕ ਲੱਖ ਸਿੱਖ ਆਬਾਦੀ ਜੋ ਨਵੰਬਰ 1984 ਵਿਚ ਹਿੰਸਾ ਦਾ ਸ਼ਿਕਾਰ ਹੋਈ ਹੌਲੀ ਹੌਲੀ ਕਿਰ ਰਹੀ ਹੈ।

"ਕਾਨ੍ਹਪੁਰ ਦੇ ਸਿੱਖਾਂ ਦੀ ਅੱਧੀ ਜਾਇਦਾਦ ਵੇਚੀ ਜਾ ਚੁੱਕੀ ਹੈ ਅਤੇ ਚਲਦੇ ਭਾਅ ਅਨੁਸਾਰ ਅੱਧੀ ਕੀਮਤ ਉਤੇ ਵਿਕ ਰਹੀ ਹੈ। 1984 ਤੋਂ ਪਿਛੋਂ ਸਿੱਖ ਕਮਿਊਨਿਟੀ ਦੇ ਕਿਸੇ ਬੰਦੇ ਨੇ ਇਥੇ ਜ਼ਮੀਨ ਜਾਇਦਾਦ ਨਹੀਂ ਖਰੀਦੀ। ਕਿਸੇ ਸਿੱਖ ਦੇ ਘਰ ਨੂੰ ਨਵੀਂ ਇਕ ਇਟ ਵੀ ਨਹੀਂ ਲੱਗੀ।" ਬਿਰਹਾੜਾ ਰੋਡ ਦੇ 58-ਸਾਲਾ ਦੁਕਾਨਦਾਰ ਭਜਨ ਸਿੰਘ ਨੇ ਬੜੇ ਉਦਾਸ-ਚਿੱਤ ਹੋ ਕੇ ਦੱਸਿਆ। ਭਜਨ ਸਿੰਘ ਦੇ ਦੱਸਣ ਅਨੁਸਾਰ ਚੌਥਾ ਹਿੱਸਾ ਸਿੱਖ ਕਾਨ੍ਹਪੁਰ ਤੋਂ ਪਹਿਲਾਂ ਹੀ ਜਾ ਚੁਕੇ ਹਨ।

ਇਹ ਕਾਨ੍ਹਪੁਰ ਹੋ ਜਾਂ ਪਟਨਾ, ਦਿੱਲੀ ਹੋ ਜਾਂ ਹਰਿਆਣਾ, ਹੁਣ ਪੂਨਾ ਵੀ ਸ਼ਾਮਲ ਹੋ ਗਿਆ ਹੈ — ਕਹਾਣੀ ਹਰ ਥਾਂ ਇਕੋ ਹੀ ਹੈ। ਮਾਣ-ਮੱਤੀ ਕਮਿਊਨਿਟੀ — ਜੋ ਦੋ ਸਾਲ ਪਹਿਲਾਂ ਦੇਸ਼ ਦੇ ਸਮਾਜਕ - ਆਰਥਿਕ ਭਾਈਚਾਰੇ ਵਿਚ ਬੁਣੀ ਪਈ ਸੀ — ਅੱਜ ਡਰ ਅਤੇ ਸ਼ੱਕ ਨੇ ਘੇਰ ਲਈ ਹੈ ਤੇ ਭਵਿਖ ਬੜਾ ਧੁੰਦਲਾ ਹੈ। ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਨੇ ਸਾਰੇ ਦੇਸ਼ ਵਿਚ ਸਿੱਖ ਕਮਿਊਨਿਟੀ ਨੂੰ ਜੜ੍ਹਾਂ ਤੋਂ ਪੁੱਟਣ ਦੀ ਕੋਸ਼ਿਸ਼ ਕੀਤੀ ਹੈ ਖਾਸ ਕਰ ਹਿੰਦੀ ਬੈਲਟ ਦੇ ਇਲਾਕਿਆਂ ਵਿਚ ਇਹੋ ਕੁਝ ਹੋਇਆ ਹੈ। ਕਈਆਂ ਨੇ ਆਪਣੇ ਆਪ ਨੂੰ ਹਥਿਆਰਬੰਦ ਕਰ ਲਿਆ ਹੈ — ਕਈਆਂ ਨੇ ਡਰਦਿਆਂ ਕਿਲਿਆਂ ਵਾਂਗ ਘਰਾਂ ਦੁਆਲੇ ਤਾਰਾਂ ਵਲ ਲਈਆਂ ਹਨ। ਇਸ ਤਰ੍ਹਾਂ ਉਹ ਘਬਰਾਏ ਹੋਏ ਹਨ, ਦਿਲੋਂ ਦੁਖੀ ਹਨ ਅਤੇ ਬਹੁਤ ਹੱਦ ਤੱਕ ਮਜਬੂਰ ਵੀ ਹਨ। ਉਹ ਪੰਜਾਬ ਵਿਚ ਹੋ ਰਹੀਆਂ ਧਾਂਦਲੀਆਂ ਦੇ ਬੰਦੀ ਬਣਾਏ ਹੋਏ ਹਨ।

ਪਟਨੇ ਵਿਚ ਹਾਲਤ

ਪਟਨੇ ਵਿਚ ਰਹਿੰਦੇ 7000 ਪ੍ਰਵਾਰ ਇਹੋ ਹੋਣੀ ਹੰਢਾ ਰਹੇ ਹਨ। ਸਥਾਨਕ ਹਿੰਦੂ ਕੱਟੜਵਾਦੀ ਜਾਣ ਬੁਝ ਕੇ ਸੜਕ ਦੇ ਵਿਚਾਲੇ ਤੁਰਦੇ ਹਨ — ਉਸ ਸੜਕ ਉਤੇ ਜਿਥੇ ਇਤਿਹਾਸਕ ਗੁਰਦੁਆਰਾ ਹਰਿਮੰਦਰ ਸਾਹਿਬ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ। ਉਹ ਜਾਣ ਬੁਝ ਸਿੱਖਾਂ ਨੂੰ ਟਾਂਚ ਲਾਉਂਦੇ ਹਨ। "ਸਰਦਾਰ ਜੀ ਕਬ ਖਾਲਿਸਤਾਨ ਲੇ ਰਹੇ ਹੋ?" ਅੰਦਾਜ਼ੇ ਵੱਖ ਵੱਖ ਹੋ ਰਹੇ ਹਨ ਪਰ ਇਸ ਵਿਚ ਸ਼ੱਕ ਨਹੀਂ ਕਿ ਸਿੱਖ ਪ੍ਰਵਾਰ ਪਟਨੇ ਵਿਚੋਂ ਵੀ ਹਿਜਰਤ ਕਰ ਰਹੇ ਹਨ। ਸਰਨ ਸਿੰਘ ਅਨੁਸਾਰ, "ਘੱਟੋ ਘੱਟ ਅੱਧੇ ਸਿੱਖ ਪਟਨੇ ਅਤੇ ਰਾਂਚੀ ਤੋਂ ਚਲੇ ਗਏ ਹਨ।" ਗੁਰਦੁਆਰੇ ਦੇ ਹੈਡ ਗਰੰਥੀ ਭਾਈ ਮਾਨ ਸਿੰਘ ਦੇ ਪੋਤਰੇ ਚਰਨਜੀਤ ਸਿੰਘ ਦਾ ਕਹਿਣਾ ਹੈ ਕਿ "75 ਫੀਸਦੀ ਸਿੱਖ ਏਥੋਂ ਜਾ ਚੁਕੇ ਹਨ।" ਭਾਈ ਮਾਨ ਸਿੰਘ ਦਾ ਕਹਿਣਾ ਹੈ ਕਿ ਗੁਰਦੁਆਰੇ ਵਿਚ ਆਉਣ ਵਾਲਿਆਂ ਵਿਚ 75 ਫੀਸਦੀ ਯਾਤਰੀ ਹਿੰਦੂ ਆਉਂਦੇ ਹਨ। ਗੁਰਦੁਆਰੇ ਦੇ ਆਲੇ ਦੁਆਲੇ ਗਲੀਆਂ ਅਤੇ ਮੁਹੱਲਿਆਂ ਵਿਚ ਜਾਂ ਤਾਂ ਘਰਾਂ ਨੂੰ ਜੰਦਰੇ ਲੱਗੇ ਹੋਏ ਹਨ ਜਾਂ ਘਰ ਵੇਚੇ ਜਾ ਚੁਕੇ ਹਨ।

ਗੁਰਦੁਆਰੇ ਦੇ ਕੋਲ ਹੀ ਕੱਪੜੇ ਦੇ ਵਪਾਰੀ ਹਰਭਜਨ ਸਿੰਘ ਦੀ ਦੁਕਾਨ ਹੈ ਜੋ ਬਹੁਤ ਉਦਾਸ ਹੈ। ਗੁਆਂਢੀਆਂ ਤੇ ਦੋਸਤਾਂ ਮਿਤਰਾਂ ਦੇ ਜਾਣ ਨਾਲ ਉਹ ਏਨਾ ਪਰੇਸ਼ਾਨ ਹੈ ਕਿ ਰਾਤ ਨੂੰ ਕੰਪੋਜ਼ ਦੀ ਗੋਲੀ ਖਾ ਕੇ ਸੌਂਦਾ ਹੈ। ਉਸਦੇ ਕੋਲ ਹੀ ਉਸਦਾ ਸਾਬਕਾ ਗੁਆਂਢੀ ਇਕਬਾਲ ਸਿੰਘ ਬੈਠਾ ਹੈ ਜੋ ਪਟਨੇ ਵਿਚ 40 ਸਾਲ ਰਹਿਣ ਪਿਛੋਂ ਆਪਣਾ ਘਰ ਤੇ ਦੁਕਾਨ ਵੇਚ ਕੇ ਪੰਜਾਬ ਚਲਾ ਗਿਆ ਹੈ ਪਰ ਉਸਦਾ ਕਹਿਣਾ ਹੈ ਕਿ 'ਉਹ ਤਾਂ ਹੁਣ ਕੱਪੜੇ ਦੇ ਵਪਾਰ ਲਈ ਹੀ ਆਉਂਦਾ ਹੈ।' ਬਾਕੀ ਜੋ ਉਥੇ ਬੈਠੇ ਹਨ — ਉਨ੍ਹਾਂ ਨੇ ਆਪਣੇ ਪ੍ਰਵਾਰ ਪੰਜਾਬ ਭੇਜ ਦਿਤੇ ਹੋਏ ਹਨ

ਪਰ ਇਹ ਕਹਿਣਾ ਮੁਸ਼ਕਲ ਲੱਗਦਾ ਹੈ ਕਿ ਜੋ ਇਥੋਂ ਚਲੇ ਗਏ ਹਨ ਉਹ ਚੰਗੇ ਰਹੇ ਹਨ ਜਾਂ ਜੋ ਏਥੇ ਅਜੇ ਰਹਿ ਰਹੇ ਹਨ ਉਹ ਚੰਗੀ ਹਾਲਤ ਵਿਚ ਹਨ। ਅਸੁਰੱਖਿਆ ਦੀ ਭਾਵਨਾ ਜਿਨੀਂ ਪੰਜਾਬ ਵਿਚ ਹੈ ਉਨੀ ਹੀ ਬਾਕੀ ਸੂਬਿਆਂ ਵਿਚ ਹੈ।

ਦਿੱਲੀ ਜਿਥੇ ਸਿੱਖ ਵੱਧ ਗਿਣਤੀ ਵਿਚ ਕੇਂਦਰਤ ਹਨ

ਦਿੱਲੀ ਅਜਿਹਾ ਸ਼ਹਿਰ ਹੈ ਜਿਥੇ ਸਿੱਖਾਂ ਦਾ ਵਧੇਰੇ ਕੇਂਦਰੀਕਰਣ ਹੈ। ਸਿਖ ਫੋਰਮ ਅਨੁਸਾਰ 25,000 ਪ੍ਰਵਾਰ ਜਾਂ ਤਾਂ ਪੂਰੀ ਤਰ੍ਹਾਂ ਹਿਜਰਤ ਕਰ ਗਏ ਹਨ ਜਾਂ ਅੱਧ ਪਚੱਧੇ ਚਲੇ ਗਏ ਹਨ। ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਅਨੁਸਾਰ "ਜਿਸ ਪ੍ਰਵਾਰ ਵਿਚ ਜਾਣ ਦੀ ਸਮਰੱਥਾ ਸੀ ਉਹ ਚਲਾ ਗਿਆ ਹੈ।" ਪੰਜਾਬ ਸਮਝੌਤਾ ਹੋ ਜਾਣ ਨਾਲ ਕੁਝ ਆਰਾਮ ਆਇਆ ਸੀ ਪਰ ਸਮਝੌਤਾ ਵਿਚੇ ਹੀ ਰਹਿ ਗਿਆ ਤੇ ਹੁਣ 26 ਜੁਲਾਈ ਦੀਆਂ ਘਟਨਾਵਾਂ ਤੋਂ ਪਿਛੋਂ ਦਿੱਲੀ ਵਿਚ ਰਹਿ ਰਹੇ ਸਿੱਖਾਂ ਦਾ ਭਵਿੱਖ ਵੀ ਧੁੰਦਲਾ ਹੀ ਜਾਪਦਾ ਹੈ। "ਜੋ ਵਪਾਰੀ ਪੰਜਾਬ ਵਿਚ ਜਾ ਸਕਣ ਦੇ ਸਮਰੱਥ ਸੀ ਉਹ ਚਲਾ ਗਿਆ ਹੈ। ਜਿਸ ਦਾ ਪ੍ਰਵਾਰ ਵੀ ਦਿੱਲੀ ਵਿਚ ਹੈ ਉਹ ਇਹ ਸੋਚਦਾ ਹੈ ਕਿ ਉਹ ਹੋਰ ਕਿੰਨਾ ਕੁ ਚਿਰ ਏਥੇ ਰਹਿ ਸਕਦਾ ਹੈ", ਫਰਿਕ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਮੋਹਨ ਸਿੰਘ ਦਾ ਕਹਿਣਾ ਹੈ। ਮਨਮੋਹਨ ਸਿੰਘ ਪੰਜਾਬ, ਹਰਿਆਣਾ ਤੇ ਦਿੱਲੀ ਚੇਂਬਰ ਆਫ ਕਾਮਰਸ ਅਤੇ ਇੰਡਸਟਰੀ ਦੇ ਮੀਤ-ਪ੍ਰਧਾਨ ਹਨ। ਮਨਮੋਹਨ ਸਿੰਘ ਅਤੇ ਰੌਣਕ ਸਿੰਘ ਵਰਗੇ ਵੱਡੇ ਫੈਕਟਰੀ ਮਾਲਕਾਂ ਦਾ ਦਿੱਲੀ ਛੱਡਣਾ ਔਖਾ ਹੈ। ਪਰ ਟੈਕਸਲਾ ਟੀ. ਵੀ. ਵਾਲੇ ਮੁਹਾਲੀ ਆਪਣਾ ਸਭ ਕੁਝ ਚੁਕ ਚੁਕਾ ਕੇ ਲੈ ਗਏ ਹਨ। ਰੈਨਬੈਕਸੀ ਗਰੁਪ ਨੇ ਆਪਣੇ ਦੋਵੇਂ ਪਲਾਂਟ ਪੰਜਾਬ ਵਿਚ ਲਾ ਲਏ ਹਨ। ਕੰਨਟੀਨੈਂਟਲ ਡੀਵਾਈਸ ਦੇ ਗੁਰਪ੍ਰੀਤ ਸਿੰਘ ਨੇ ਆਪਣਾ ਯੂਨਿਟ ਚੰਡੀਗੜ੍ਹ ਲਾ ਲਿਆ ਹੈ।

ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਸਭ ਤੋਂ ਬਹੁਤਾ ਦੁੱਖ ਇਸ ਗੱਲ ਦਾ ਹੈ ਕਿ ਉਨ੍ਹਾਂ ਦੀ ਉਹ ਇਜ਼ਤ ਬਾਹਰ ਨਹੀਂ ਰਹੀ ਜੋ ਪਹਿਲਾਂ ਸੀ। ਬਹੁਤਿਆਂ ਦਾ ਵਿਚਾਰ ਹੈ ਕਿ ਅਖਬਾਰਾਂ ਨੇ ਕਮਿਊਨਿਟੀ ਦਾ ਨਾਂ ਬਹੁਤ ਬਦਨਾਮ ਕੀਤਾ ਹੈ। ਕਲਕੱਤਾ ਦੇ ਮਨਮੋਹਨ ਸਿੰਘ ਕਾਲੜਾ ਦਾ ਕਹਿਣਾ ਹੈ: "ਜਦੋਂ ਸਿੱਖ ਬਹਾਦਰੀ ਦਾ ਕੰਮ ਕਰਦਾ ਹੈ ਤਾਂ ਉਸਨੂੰ ਸਿਰਫ਼ ਇਨਾਮ ਦਿਤਾ ਜਾਂਦਾ ਹੈ ਪਰ ਜਦ ਕੋਈ ਦਹਿਸ਼ਤਪਸੰਦ ਲੋਕਾਂ ਨੂੰ ਮਾਰਦਾ ਹੈ ਤਾਂ ਸਾਰੀ ਕਮਿਊਨਿਟੀ ਬਦਨਾਮ ਕੀਤੀ ਜਾਂਦੀ ਹੈ?" ਸਾਬਕਾ ਨੈਸ਼ਨਲ ਪਿਸਟਲ ਸ਼ੂਟਿੰਗ ਚੈਂਪੀਅਨ ਲੈਫਟੀਨੈਂਟ ਕਰਨਲ ਪੀ. ਐਸ. ਚੀਮਾ ਨੂੰ ਦੁੱਖ ਹੈ ਕਿ ਸਿੱਖਾਂ ਦੀ ਦੇਸ਼ ਭਗਤੀ ਉਤੇ ਸ਼ੱਕ ਕੀਤਾ ਜਾਂਦਾ ਹੈ। ਚੀਮਾ ਦਾ ਕਹਿਣਾ ਹੈ: "ਮੈਂ ਸਾਰੀ ਉਮਰ ਫੌਜ ਵਿਚ ਨੌਕਰੀ ਕੀਤੀ ਹੈ ਤੇ ਮੇਰਾ ਲੜਕਾ ਦੇਸ਼ ਖਾਤਰ ਪਾਈਲਟ ਵਜੋਂ ਸ਼ਹੀਦ ਹੋਇਆ। ਮੈਂ ਆਪਣੀ ਦੇਸ਼-ਭਗਤੀ ਦਾ ਹੋਰ ਕੀ ਸਬੂਤ ਦਿਆਂ? ਮੈਨੂੰ ਇਸ ਗੱਲ ਦਾ ਦੁਖ ਹੈ ਕਿ ਅਸੀਂ

ਬਾਕੀ ਪੰਨਾ 5 ਉਤੇ

ਕੈਨੇਡਾ ਵਿਚਲਾ ਸ੍ਰੀ ਲੰਕਾ ਦਾ ਹਾਈ ਕਮਿਸ਼ਨਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਜ਼ੁੰਮੇਂਵਾਰ — ਤਾਮਿਲ ਰਫਿਊਜੀ

ਤਾਮਿਲ ਰਫਿਊਜੀ ਪਰਾਰਜੇਸਗਰਨ ਨੇ ਕਲ ਇਕ ਪ੍ਰੈਸ ਕਾਨਫਰੰਸ ਵਿਚ ਦੋਸ਼ ਲਾਇਆ ਕਿ ਸ੍ਰੀਲੰਕਾ ਦਾ ਮੌਜੂਦਾ ਕੈਨੇਡਾ ਵਿਚ ਹਾਈ ਕਮਿਸ਼ਨਰ ਮਨੁਖੀ ਅਧਿਕਾਰਾਂ ਨੂੰ ਕੁਚਲਣ ਦਾ ਦੋਸ਼ੀ ਹੈ। ਉਸਨੇ ਇਹ ਦੋਸ਼ ਇਕ ਪ੍ਰੈਸ ਕਾਨਫਰੰਸ ਵਿਚ ਲਾਇਆ ਤੇ ਨਾਲ ਹੀ ਆਪਣੇ ਸਿਰ ਉਤੇ ਲਗੇ ਪੁਰਾਣੇ ਜ਼ਖਮਾਂ ਨੂੰ ਵੀ ਦਿਖਾਇਆ। ਉਸ ਅਨੁਸਾਰ ਇਹ ਹਾਈ ਕਮਿਸ਼ਨਰ 1979 ਵਿਚ ਸ੍ਰੀ ਲੰਕਾ ਦੇ ਜਫਨਾ ਜ਼ਿਲੇ ਦਾ ਸੈਨਿਕ ਇੰਨਚਾਰਜ ਸੀ ਸੈਨਾ ਵਿਚ ਇਹ ਬਰਗੇਡੀਅਰ ਦੇ ਆਹੁਦੇ ਤੇ ਸੀ ਇਸ ਨੇ ਹਜ਼ਾਰਾਂ ਤਾਮਿਲਾਂ ਨੂੰ ਕਤਲ ਕੀਤਾ ਤੇ ਤਸੀਹੇ ਦਿਤੇ ਤੇ ਕੈਨੇਡਾ ਸਰਕਾਰ ਨੂੰ ਇਸਦਾ ਹਾਈ ਕਮਿਸ਼ਨਰ ਦਾ ਰੁਤਬਾ ਖਾਰਜ ਕਰਕੇ ਮਨੁਖੀ ਅਧਿਕਾਰਾਂ ਦੀ ਉਲੰਘਣਾ ਅਧੀਨ ਇਸ ਜ਼ਾਲਮ ਹਾਈ ਕਮਿਸ਼ਨਰ ਤੇ ਮੁਕਦਮਾ ਚਲਾਉਣਾ ਚਾਹੀਦਾ ਹੈ



ਪਰ ਵਕਤ ਦੀਆਂ ਤੇਜ਼ ਪੌਣਾਂ ਨੇ
ਇਹਨਾਂ ਨੂੰ ਉਡਾ ਲਿਜਾਣਾ ਹੈ,

ਪੰਨਾ 4 ਦੀ ਬਾਕੀ

ਸਿਖ ਭਾਰਤੀ ਹੁੰਦੇ ਹੋਏ ਵੀ ਸਾਨੂੰ ਭਾਰਤੀ ਨਹੀਂ ਸਮਝਿਆ ਜਾ ਰਿਹਾ।" ਸਰਨ ਸਿੰਘ ਦਾ ਕਹਿਣਾ ਹੈ: "ਹਰ ਕੋਈ ਪੱਗ ਵਾਲੇ ਸਿਖ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ। ਜਦੋਂ ਪਿਛਲੇ ਸਾਲ ਜਾਸੂਸ ਫੜੇ ਗਏ ਤਾਂ ਕਿਸੇ ਨਹੀਂ ਕਿਹਾ ਕਿ ਹਿੰਦੂ ਜਾਸੂਸ ਫੜੇ ਗਏ। ਮੈਂ ਕਹਿੰਦਾ ਹਾਂ ਕਿ ਦਹਿਸ਼ਤਪਸੰਦ ਬੱਸ ਦਹਿਸ਼ਤਪਸੰਦ ਹੈ ਅਤੇ ਸਰਕਾਰ ਨੂੰ ਉਸ ਨਾਲ ਕਰੜੇ ਹੱਥੀਂ ਸਿਝਣਾ ਚਾਹੀਦਾ ਹੈ। ਪੰਜਾਬ ਦੇ ਦਹਿਸ਼ਤਪਸੰਦ ਸਿੱਖ ਨਹੀਂ ਹਨ — ਧਰਮ ਕਤਲਾਂ ਦੀ ਆਗਿਆ ਨਹੀਂ ਦਿੰਦਾ। ਮੈਂ ਆਪਣੇ ਗੁਰੂ ਸਾਹਮਣੇ ਜਾਂ ਗੁਰਦੁਆਰੇ ਵਿਚ ਸਿੱਖ ਹਾਂ ਤੇ ਕੇਵਲ ਸਿੱਖ ਹਾਂ। ਪਰ ਬਾਕੀ ਦਾ ਮੇਰਾ ਸਾਰ ਵਜੂਦ ਭਾਰਤੀ ਹੈ — ਪਹਿਲਾਂ ਤੇ ਆਖਰ। ਮੇਰੇ ਉਤੇ ਸ਼ੱਕ ਕਿਉਂ ਕੀਤੀ ਜਾਂਦੀ ਹੈ? ਮੈਂ ਆਪਣੀ ਦੇਸ਼-ਭਗਤੀ ਨੂੰ ਸਾਬਤ ਕਰਨ ਤੋਂ ਇਨਕਾਰ ਕਰਦਾ ਹਾਂ।"

(ਬਾਕੀ ਅਗਲੇ ਅੰਕ ਵਿਚ)

ਬਰਨਾਲਾ ਦੋਵੇ ਅਹੁਦੇ ਛਡ ਦੇਣ ਸਾਨੂੰ ਏਕਤਾ ਤੇ ਇਤਰਾਜ਼ ਨਹੀਂ

ਮੂਨਕ — ਅਕਾਲੀ ਦਲ (ਬਾਦਲ) ਦੇ ਲੀਡਰਾਂ ਵਲੋਂ ਇਥੇ ਕੀਤੀ ਗਈ ਭਾਰੀ ਕਾਨਫਰੰਸ 'ਚ ਮੁੜ ਆਖਿਆ ਗਿਆ ਕਿ ਜੇ ਸ: ਬਰਨਾਲਾ ਦੋਵੇਂ ਅਹੁਦੇ ਛਡ ਦੇਣ ਤਾਂ ਉਹਨਾਂ ਨੂੰ ਦਲ 'ਚ ਏਕਤਾ ਦਾ ਕੋਈ ਇਤਰਾਜ਼ ਨਹੀਂ। ਉਨ੍ਹਾਂ ਨੇ ਇਹ ਵੀ ਦੁਹਰਾਇਆ ਕਿ ਪੰਜਾਬ 'ਚ ਸ਼ਾਂਤੀ ਲਈ ਫੌਰਹੀ ਤੌਰ ਤੇ ਸਭਨਾਂ ਅੰਦੋਲਨਕਾਰੀ ਗਰੁਪਾਂ ਨਾਲ ਗਲਬਾਤ ਕੀਤੀ ਜਾਵੇ। ਜਿਥੇ ਕਾਨਫਰੰਸ 'ਚ ਬੁਲਾਰਿਆਂ ਨੇ ਪਿਛਲੇ ਦਿਨੀਂ ਕਥਿਤ ਪੁਲਸ ਮੁਕਾਬਲਿਆਂ 'ਚ ਸਿਖ ਨੌਜਵਾਨਾਂ ਨੂੰ ਫੜ ਫੜ ਮਾਰੇ ਜਾਣ ਦੀ ਨਿਖੇਧੀ ਕੀਤੀ ਉਥੇ ਧਾਰਾ 249 ਦਾ ਵੀ ਵਿਰੋਧ ਕੀਤਾ। ਕਾਨਫਰੰਸ ਨੂੰ ਸੰਬੋਧਨ ਕਰਨ ਵਾਲਿਆਂ 'ਚ ਦਲ ਦੇ ਮੀਤ ਪ੍ਰਧਾਨ ਠੇਕੇਦਾਰ ਸੁਰਜਨ ਸਿੰਘ, ਚਰਨਜੀਤ ਸਿੰਘ ਐਮ. ਪੀ. ਵਾਲੀਆ, ਸ. ਇੰਦਰਜੀਤ ਸਿੰਘ ਵਿਧਾਇਕ, ਸ. ਹਰਦਿਆਲ ਸਿੰਘ ਤੋਂ ਇਲਾਵਾ ਹੋਰ ਕੋਈ ਲੀਡਰ ਸਨ। ਕਿਹਾ ਗਿਆ ਕਿ ਸਰਕਾਰ ਨੇ ਸਿੱਖਾਂ ਤੇ ਪੰਜਾਬੀਆਂ 'ਚ ਕੋਈ ਵਿਸ਼ਵਾਸ਼ ਕਾਇਮ ਨਹੀਂ ਕੀਤਾ ਇਸ ਲਈ ਇਸ ਭ੍ਰਿਸ਼ਟ ਸਰਕਾਰ ਨੂੰ ਚਲਦਾ ਕੀਤਾ ਜਾਣਾ ਚਾਹੀਦਾ ਹੈ।

ਮਨੁੱਖਤਾ ਦੇ ਸੂਰਜਾਂ ਨੇ
ਇਹਨਾਂ ਨੂੰ ਚੀਰ ਕੇ ਮੁੜ ਪ੍ਰਗਟਣਾ ਹੈ।

The Little Mountain Neighbourhood House Society

ਆਪਣਾ ਛੋਟਾ ਬਿਜ਼ਨਿਸ ਕਿਸ ਤਰ੍ਹਾਂ ਚਲਾਈਦੇ ?

ਮੁਢਲੀ ਜਾਣਕਾਰੀ ਦਾ ਕੋਰਸ

ਇਹ ਕੋਰਸ ਉਹਨਾਂ ਲੋਕਾਂ ਲਈ ਹੈ ਜੋ ਛੋਟਾ ਬਿਜ਼ਨਿਸ ਚਲਾਉਣ ਲਈ ਆਪਣੀ ਅੰਗਰੇਜ਼ੀ ਦੀ ਜਾਣਕਾਰੀ ਵਿਚ ਵਾਧਾ ਕਰਨਾ ਚਾਹੁੰਦੇ ਹਨ। ਅਤੇ ਛੋਟੇ ਧੰਦੇ (ਸਮਾਲ ਬਿਜ਼ਨਿਸ) ਵਾਰੇ ਆਪਣੀ ਜਾਣਕਾਰੀ ਵਿਚ ਵਾਧਾ ਕਰਨਾ ਚਾਹੁੰਦੇ ਹੋ, ਤਾਂ ਇਹ ਕੋਰਸ ਤੁਹਾਡੇ ਲਈ ਹੈ।

ਜਗ੍ਹਾ — ਲਿਟਲ ਮਾਊਨਟੇਨ ਨੇਬਰਹੁਡ ਹਾਊਸ 3981 ਮੇਨ ਸਟਰੀਟ
ਸਮਾਂ : 10 ਵਜੇ ਸਵੇਰ ਤੋਂ ਦੁਪਹਿਰ 1 ਵਜੇ ਤੱਕ
ਕਦੋਂ : 20 ਸਤੰਬਰ 1986
ਖਤਮ : 6 ਦਸੰਬਰ 1986
ਦਿਨ : ਸ਼ਨਿਚਰਵਾਰ। ਫੀਸ : 28.00 ਡਾਲਰ (1.00 ਡਾਲਰ ਸਮਾਨ ਦਾ ਖਰਚ ਵਿਚ ਹੈ) ਹੋਰ ਜਾਣਕਾਰੀ ਲਈ ਫੋਨ ਕਰੋ : ਕੁਲਜੀਤ ਨੂੰ 879-7104

Public Service Announcement

ਆਪਣੇ ਛੋਟੇ (3 ਸਾਲ ਤੋਂ 6 ਸਾਲ) ਬੱਚਿਆਂ ਨੂੰ ਇੰਗਲਿਸ਼ ਸਿਖਾਉ !

ਥਾਂ : ਲਿਟਲ ਮਾਊਨਟੇਨ ਨੇਬਰਹੁਡ ਹਾਊਸ — 3981 ਮੇਨ ਸਟਰੀਟ, ਵੈਨਕੂਵਰ
ਤਾਰੀਖ : ਜੁਲਾਈ 8 ਤੋਂ 26 ਅਗਸਤ 1986 ਹਰੇਕ ਮੰਗਲਵਾਰ — 8 ਵੀਕਾਂ ਤੱਕ। ਸਮਾਂ : 10.00 ਤੋਂ 11.30 ਸਵੇਰ। ਫੀਸ : 15 ਡਾਲਰ ਪ੍ਰਤੀ ਬੱਚਾ।
ਕੁਝ ਮਾਪਿਆਂ ਦੀ ਮਦਦ ਦੀ ਲੋੜ ਹੈ
ਹੋਰ ਜਾਣਕਾਰੀ ਅਤੇ ਦਾਖਲੇ ਲਈ ਫੋਨ ਕਰੋ ਕੁਲਜੀਤ ਜਾਂ ਅਫਸਨੇ
879-7104

ਅਣਚਾਹੀਆਂ ਖ਼ਬਰਾਂ

ਬਲਜੀਤ ਬਰਾੜ

ਖ਼ਬਰਾਂ
ਸੁੰਨਸਾਨ ਗਲੀਆਂ ਦਾ
ਉਹ ਸੰਨਾਟਾ ਹਨ
ਜਿਨ੍ਹਾਂ ਨੂੰ
ਰਾਤਾਂ ਦੀ ਬੁਰਛਾਗਰਦੀ
ਨਿਗਲ ਲੈਂਦੀ ਹੈ।

ਖ਼ਬਰਾਂ
ਕਤਲ ਹੋ ਜਾਣ ਤੋਂ
ਬਾਅਦ
ਉੱਡੀਆਂ ਹਵਾਈਆਂ ਹਨ।

ਖ਼ਬਰਾਂ
ਵਾਰਦਾਤ ਤੇ ਪਿਛੋਂ
ਚੌਕਸੀ ਤਫਤੀਸ਼ ਤੇ ਨਿਖੇਧੀਆਂ
ਦਰਮਿਆਨ ਫਸੀਆਂ
ਮੀਟੀਆਂ ਅੱਖਾਂ ਵਾਲੇ
ਕਬੂਤਰ ਹਨ।

ਖ਼ਬਰਾਂ
ਬਦਕਿਸਮਤ ਕੰਨਾਂ 'ਚ
ਉਤਾਰਿਆ
ਗਰਮ ਪਾਰਾ ਹਨ।

ਖ਼ਬਰਾਂ
ਸਿਵਿਆਂ 'ਚ ਗਈਆਂ
ਲਾਸ਼ਾਂ ਦਾ
ਮੋੜਵਾਂ ਸਫ਼ਰ ਹਨ।

ਖ਼ਬਰਾਂ
ਸਾਡੇ ਗੌਰਵ ਦੇ ਸਪਾਟ
ਮੂੰਹ ਤੇ ਪਿਆ
ਬੇਝਿਜਕ ਥੱਪੜ ਹਨ।



ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ

U.I.C. ਲੈਣ ਲਈ 16 ਹਫਤਿਆਂ ਦੇ ਖਾਤਮੇਂ ਦੇ ਸੰਘਰਸ਼ ਲਈ ਅਪੀਲ

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ, ਫੈਡਰਲ ਟੋਰੀ ਸਰਕਾਰ ਅਤੇ ਬੀ. ਸੀ. ਦੀ ਸੋਕਰਡ ਸਰਕਾਰ ਦੀ ਇਸ ਗੱਲੋਂ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ, ਕਿ ਇਨ੍ਹਾਂ ਸਰਕਾਰਾਂ ਨੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਜ਼ਿੰਮੇਂਵਾਰੀ ਨੂੰ ਨਹੀਂ ਨਿਭਾਇਆ। ਇਨ੍ਹਾਂ ਸਰਕਾਰਾਂ ਦੀਆਂ ਨੀਤੀਆਂ ਦੇ ਕਾਰਨ ਬਾਕੀ ਕੈਨੇਡਾ ਵਾਂਗ, ਪਰ ਗੰਭੀਰ ਰੂਪ ਵਿਚ, ਬੀ. ਸੀ. ਵਿਚ ਲਗਾਤਾਰ ਬੇਰੁਜ਼ਗਾਰੀ ਵਧੀ ਹੈ, ਜਿਸ ਦਾ ਵੱਡਾ ਸ਼ਿਕਾਰ ਘੱਟ ਗਿਣਤੀ ਕਮਿਊਨਿਟੀਆਂ ਵਧੇਰੇ ਹੋਈਆਂ ਹਨ। ਇਕ ਪਾਸੇ ਇਨ੍ਹਾਂ ਸਰਕਾਰਾਂ ਦੀਆਂ ਨੀਤੀਆਂ ਕਾਰਨ ਸਿੱਧੇ ਅਤੇ ਅਸਿੱਧੇ ਟੈਕਸਾਂ ਦਾ ਭਾਰ ਆਮ ਲੋਕਾਂ ਉਪਰ ਲਗਾਤਾਰ ਵਧਦਾ ਜਾ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਦੀਆਂ ਨੀਤੀਆਂ ਕਾਰਨ ਬਹੁ-ਕੌਮੀ ਕਾਰਪੋਰੇਸ਼ਨਾਂ, ਬੈਂਕਾਂ, ਕਨਸਟੱਰਕਸ਼ਨ ਕੰਪਨੀਆਂ, ਫੂਡ ਨਾਲ ਸੰਬੰਧਿਤ ਕੰਪਨੀਆਂ ਆਦਿ ਦੇ ਮੁਨਾਫੇ ਕਰੋੜਾਂ ਵਿਚ ਵਧੇ ਹਨ।

ਇਨ੍ਹਾਂ ਸਰਕਾਰਾਂ ਵਲੋਂ ਅਮਰੀਕਾ ਨਾਲ 'ਫਰੀ ਟਰੇਡ' ਦੇ ਨਾਂ ਹੇਠ ਕੈਨੇਡਾ ਦੀ ਆਰਥਿਕਤਾ ਹੀ ਨਹੀਂ ਸਗੋਂ ਕੈਨੇਡਾ ਦੀ ਆਜ਼ਾਦੀ ਵੀ ਅਮਰੀਕਾ ਦੇ ਹਵਾਲੇ ਕਰਨ ਲਈ ਯਤਨ ਜਾਰੀ ਹਨ। ਭਾਵੇਂ ਕਿ ਟਰੇਡ ਯੂਨੀਅਨਾਂ ਅਤੇ ਆਮ ਲੋਕਾਂ ਵੱਲੋਂ ਉਠਾਈ ਜ਼ੋਰਦਾਰ ਆਵਾਜ਼ ਕਾਰਨ ਫੈਡਰਲ ਸਰਕਾਰ ਕੁਝ ਝੁਕਣ ਤੇ ਮਜ਼ਬੂਰ ਹੋਈ ਹੈ।

ਇਹ ਸਰਕਾਰਾਂ ਇਕ ਪਾਸੇ ਬੇਰੁਜ਼ਗਾਰੀ ਦੇ ਮਸਲੇ ਦਾ ਹੱਲ ਨਹੀਂ ਕਰ ਸਕੀਆਂ ਹਰ ਦੂਜੇ ਪਾਸੇ ਕੰਪਨੀਆਂ ਦੇ ਮੁਨਾਫਿਆਂ ਦੇ ਹਿਤਾਂ ਵਿਚ ਟਰੇਡ ਯੂਨੀਅਨਾਂ ਨੂੰ ਖਤਮ ਕਰਨ ਲਈ ਹਰ ਹਰਬਾ ਵਰਤ ਰਹੀਆਂ ਹਨ।

ਬੇਰੁਜ਼ਗਾਰ ਲੋਕਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ, ਵਿਤਕਰੇ ਵਾਲੀ U.I.C. ਦੀ ਨੀਤੀ ਕਰਦੀ ਹੈ। ਜਿਸ ਦੇ ਹੇਠ ਬੇਰੁਜ਼ਗਾਰ ਹੋ ਜਾਣ ਵਾਲੇ ਲੋਕਾਂ ਨੂੰ ਸੋਲਾਂ ਹਫਤੇ ਕੰਮ ਕਰਨੇ, ਫਿਰ U.I.C. ਦੇ ਯੋਗ ਹੋਣ ਦੀ ਵਿਵਸਥਾ ਹੈ। ਫਾਰਮਾਂ ਵਿਚ ਕੰਮ ਕਰਨ ਵਾਲੇ ਲੋਕ ਇਸ ਦਾ ਬੁਰੀ ਤਰ੍ਹਾਂ ਸ਼ਿਕਾਰ ਹਨ। ਹੋਰ ਵੀ ਸੀਜ਼ਨਲ ਕੰਮਾਂ ਵਾਲੇ ਕਾਮਿਆਂ ਉਪਰ ਇਸ ਦਾ ਮਾਰੂ ਅਸਰ ਪਿਆ ਹੈ।

ਈ: ਇੰਡੀਅਨ ਵਰਕਰਜ਼ ਐਸੋ: ਫੈਡਰਲ ਸਰਕਾਰ ਤੋਂ ਪੁਰ… ਸ਼ਬਦਾਂ ਵਿਚ ਮੰਗ ਕਰਦੀ ਹੈ ਕਿ ਉਹ ਤੁਰੰਤ ਇਸ ਬੇਇਨਸਾਫੀ ਵਾਲੇ .I.C. ਦੇ ਕਾਨੂੰਨ ਖਤਮ ਕਰੇ। ਐਸੋ: ਬੀ. ਸੀ. ਦੀ ਸੋਕਰਡ ਸਰਕਾਰ ਤੋਂ ... ਇਹ ਮੰਗ ਕਰਦੀ ਹੈ ਕਿ ਉਹ ਪਬਲਿਕ ਤੌਰ ਉਤੇ ਅਤੇ ਲਿਖਤੀ ਰੂਪ ਵਿਚ ਫੈਡਰਲ ਸਰਕਾਰ ਤੋਂ ਮੰਗ ਕਰੇ ਕਿ ਇਸ ਬੇਰੁਜ਼ਗਾਰੀ ਵਾਲੀ ਵਿਆਪਕ ਦਸ਼ਾ ਵਿਚ, ਦਸ ਹਫਤੇ ਕੰਮ ਕਰਕੇ ਬੇਰੁਜ਼ਗਾਰੀ ਅਲਾਊਂਸ ਪ੍ਰਾਪਤੀ ਲਈ, ਯੋਗ ਹੋਣ ਦੀ ਹੱਦ ਨਿਸਚਤ ਕਰੇ।

ਐਸੋਸੀਏਸ਼ਨ ਸਾਰੇ ਮਿਹਨਤੀ ਲੋਕਾਂ ਨੂੰ ਇਕੱਠੇ ਹੋ ਕੇ ਇਸ ਵਿਤਕਰੇ ਵਾਲੇ ਕਾਨੂੰਨ ਦੇ ਖਾਤਮੇਂ ਲਈ ਦ੍ਰਿੜਤਾ ਨਾਲ ਘੋਲ ਕਰਨ ਅਤੇ ਏਕਤਾ ਉਸਾਰਨ ਦੀ ਅਪੀਲ ਕਰਦੀ ਹੈ।

ਵੱਲੋਂ :—
ਸੁਰਿੰਦਰ ਸੰਘਾ ਪ੍ਰਧਾਨ — ਮੁਹਿੰਦਰ ਸੂਮਲ ਜ: ਸਕੱਤਰ
ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ

ਦੱਖਣੀ ਅਫਰੀਕਾ ਤੇ 20 ਲੱਖ ਡਾਲਰ ਰੋਜ਼ ਦਾ ਖਰਚਾ

ਹਰਾਰੇ–ਦੱਖਣੀ ਅਫਰੀਕਾ ਦੀ ਜਥੇਬੰਦੀ ਪੀਪਲਜ਼ ਆਰਗੇਨਾਈਜ਼ੇਸ਼ਨ ਦੱਖਣੀ ਅਫਰੀਕਾ ਨਾਲ ਲਿਖਤੀ ਸਮਝੌਤਾ ਕਰਨ ਲਈ ਤਿਆਰ ਹੈ। ਦੱਖਣੀ ਅਫਰੀਕਾ ਨੇ ਨਾਮੀਬੀਆ ਤੇ ਨਜਾਇਜ਼ ਤੌਰ ਤੇ ਕਬਜ਼ਾ ਕਰ ਰਖਿਆ ਹੈ। ਅਸੀਂ ਕੋਈ ਕਮਜ਼ੋਰ ਨਹੀਂ ਹਾਂ ਅਸੀਂ ਤੇ ਜਿੱਤ ਤਕ ਲੜਨ ਲਈ ਤਿਆਰ ਹਾਂ। ਇਹ ਗੱਲ ਸਵਾਪੋ ਦੇ ਪ੍ਰਧਾਨ ਸ਼ਾਮ ਨਿਜੋਗਾ ਨੇ ਕਹੀ। ਉਨ੍ਹਾਂ ਕਿਹਾ ਕਿ ਪੀਪਲਜ਼ ਨੈਸ਼ਨਲ ਆਰਮੀ ਨੇ ਦੱਖਣੀ ਅਫਰੀਕਾ ਦੇ 1000 ਫੌਜੀ ਮਾਰੇ ਹਨ। ਦੱਖਣੀ ਅਫਰੀਕਾ ਦੀ ਪਰੀਟੋਰੀਆ ਸਰਕਾਰ ਹਰ ਰੋਜ਼ ਦੱਖਣੀ ਅਫਰੀਕਾ ਤੇ ਆਪਣਾ ਕਬਜ਼ਾ ਜਮਾਈ ਰੱਖਣ ਲਈ 20 ਲੱਖ ਡਾਲਰ ਖਰਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 8ਵੀਂ ਨਿਰਪੱਖ ਕਾਨਫਰੰਸ ਹਰਾਰੇ ਵਿਚ ਕਰਨ ਦਾ ਫੈਸਲਾ ਬਹੁਤ ਹੀ ਸਮੇਂ ਸਿਰ ਤੇ ਸੁਚੱਜਤਾ ਨਾਲ ਕੀਤਾ ਗਿਆ।

For our Readers & Advertisers
'Canada Darpan'
Office Hours
Monday to Friday — 10 a.m. - 5.00 p.m.
Please phone during these hours only
Ph. 581-4473

ਜੋ ਹਿੰਸਾ ਕਰਦੇ ਹਨ ਉਹ ਵਾਪਸ ਭਾਰਤ ਭੇਜੇ ਜਾਣ

ਰੌਸ ਗੁਰਦੁਆਰੇ ਦੇ ਪ੍ਰਧਾਨ ਦਾ ਬਿਆਨ

ਵੈਨਕੂਵਰ — CKWX ਰੇਡੀਓ ਵਲੋਂ ਨਸ਼ਰ ਕੀਤੇ ਗਏ ਇਕ ਅੱਧੇ ਘੰਟੇ ਦੇ ਪਰੋਗਰਾਮ ਵਿਚ ਗੁਰਦੁਆਰਾ ਰੌਸ ਦੇ ਪ੍ਰਧਾਨ ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਜੋ ਹਿੰਸਾ ਇਥੇ ਹੁੰਦੀ ਹੈ ਸਾਡਾ ਉਸ ਨਾਲ ਕੋਈ ਸਬੰਧ ਨਹੀਂ ਹੈ। ਸ: ਸਿੱਧੂ ਨੇ ਕਿਹਾ ਕਿ "ਜੋ ਆਦਮੀ ਕਿਸੇ ਉਤੇ ਹਮਲਾ ਕਰਦਾ ਹੈ ਜਾਂ ਕਿਸੇ ਨੂੰ ਮਾਰਦਾ ਹੈ ਮੈਂ ਅਜਿਹੇ ਆਦਮੀ ਨੂੰ ਪੂਰੀ ਤਰ੍ਹਾਂ ਨਫਰਤ ਕਰਦਾ ਹਾਂ।"

ਸ: ਸਿੱਧੂ ਨੇ ਇਕ ਹੋਰ ਦਿਲਚਸਪ ਟਿੱਪਣੀ ਵੀ ਕੀਤੀ ਕਿ ਗੁਰਦੁਆਰੇ ਵਿਚ ਜਾਣ ਵਾਲੇ ਲੋਕ ਸੌ ਫੀਸਦੀ ਖਾਲਿਸਤਾਨ ਦੇ ਹੱਕ ਵਿਚ ਹਨ ਪਰ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜੋ ਵਿਅਕਤੀ ਭਾਰਤ ਦੀ ਸਿਆਸਤ ਨੂੰ ਏਸ ਮੁਲਕ ਵਿਚ ਲਿਆਂਉਂਦੇ ਹਨ, ਉਨ੍ਹਾਂ ਨੂੰ ਵਾਪਸ ਭਾਰਤ ਭੇਜ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਏਥੇ ਦੀ ਸਿਆਸਤ ਵਿਚ ਹਿਸਾ ਲੈਣਾ ਚਾਹੀਦਾ ਹੈ। ਇਥੋਂ ਦੀਆਂ ਪਾਰਟੀਆਂ — ਲਿਬਰਲ, ਐਨ. ਡੀ. ਪੀ. ਜਾਂ ਟੋਰੀ ਪਾਰਟੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਇਸ ਪਰੋਗਰਾਮ ਵਿਚ ਉਜੱਲ ਦੁਸਾਂਝ, ਸ਼ੀਲਾ ਮੁਨਾਲਾਲ, ਗੁਰਚਰਨ ਰਾਮਪੁਰੀ, ਮਨਮੋਹਨ ਸਿੰਘ ਤੇ ਦੋ ਬੱਚਿਆਂ ਪਾਲ ਰੂਬਾ ਅਤੇ ਨਰਿੰਦਰ ਨੇ ਵੀ ਭਾਗ ਲਿਆ। ਪੁਲਸ ਦੇ ਨੁਮਾਇੰਦੇ ਡੇਵ ਏਥਨਜ਼ ਨੇ ਵੀ ਪਰੋਗਰਾਮ ਵਿਚ ਟਿਪਣੀਆਂ ਕੀਤੀਆਂ।

ਉਜੱਲ ਦੁਸਾਂਝ ਨੇ ਕਿਹਾ ਕਿ 1984 ਤੋਂ ਕੁਝ ਲੋਕਾਂ ਨੇ ਆਮ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀਆਂ ਬੇਵਕੂਫੀਆਂ ਕਾਰਨ ਮਸਲਾ ਪੇਚੀਦਾ ਹੋਇਆ। ਜਜ਼ਬਾਤੀ ਲੋਕਾਂ ਨੂੰ ਗਲਤ ਪਾਸੇ ਲਾ ਕੇ ਗਲਤ ਰਾਹ ਪਾਇਆ ਗਿਆ। ਉਨ੍ਹਾਂ ਕਿਹਾ ਕਿ ਮੁੱਠੀਭਰ ਲੋਕਾਂ ਨੇ ਲਿਖਣ ਅਤੇ ਬੋਲਣ ਵਾਲਿਆਂ ਦੀ ਆਜ਼ਾਦੀ ਖੋਹਣ ਦੇ ਯਤਨ ਕੀਤੇ। ਸ੍ਰੀ ਦੁਸਾਂਝ ਨੇ ਕਿਹਾ ਕਿ ਕੁਝ ਲੋਕਾਂ ਨੇ ਇਸ ਮਸਲੇ ਨੂੰ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਵਰਤਿਆ।

ਪੁਲਸ ਦੇ ਨੁਮਾਇੰਦੇ ਡੇਵ ਏਥਨਜ਼ ਨੇ ਕਿਹਾ ਕਿ ਵੱਖਵਾਦ ਦਾ ਪਰਚਾਰ ਕਰਨ ਵਾਲਾ ਇਕ ਛੋਟਾ ਜਿਹਾ ਗਰੁਪ ਹੈ ਜੋ ਕਮਿਊਨਿਟੀ ਵਿਚੋਂ ਆਪਣੀ ਸਪੋਰਟ ਗੁਆ ਚੁਕਾ ਹੈ। ਉਸਨੇ ਕਿਹਾ ਕਿ ਏਅਰ-ਇੰਡੀਆ ਹਾਦਸਾ, ਸੀ. ਪੀ. ਏਅਰ ਜਹਾਜ਼ ਦਾ ਹਾਦਸਾ, ਇਕ ਮੰਤਰੀ ਉਤੇ ਹਮਲਾ ਆਦਿ ਨੇ ਕਮਿਊਨਿਟੀ ਦੇ ਨਾਂ ਨੂੰ ਧੱਬਾ ਲਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਗਿਣਤੀ ਦੇ ਬੰਦੇ ਹੀ ਅਜਿਹੇ ਹਨ ਜੋ ਬਹੁਤੇ ਐਕਟਵ ਹਨ ਪਰ ਵੱਡੀ ਗਿਣਤੀ ਵਿਚ ਕਮਿਊਨਿਟੀ ਇਸ ਦੇ ਵਿਰੁਧ ਹੈ।

ਪਾਲ ਰੂਬਾ ਅਤੇ ਨਰਿੰਦਰ ਨੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ।

ਇਹ ਰੀਪੋਰਟ ਸਟੀਵਨ ਕਰੌਂਬੀ ਅਤੇ ਰੈਂਡੀ ਟੇਲਰ ਵਲੋਂ ਪੇਸ਼ ਕੀਤੀ ਗਈ

ਕੇਸਾਂ ਦਾ ਖੋਲ੍ਹ ਜੂੜਾ, ਮੁੱਖ ਜ਼ਾਲਮੇ ਭੁਆਇਆ
ਭਖ਼ਦੀ ਦੁਪਹਿਰ ਪਿੱਛੇ ਟੁੱਟਿਆ ਹਨੇਰ ਕੀ ਹੈ?

ਸਸਕੈਚਵਨ ਦਾ ਟੋਰੀ ਪ੍ਰੀਮੀਅਰ ਯੂਨੀਅਨਾਂ ਤੋਂ ਔਖਾ

ਸਸਕੈਚਵਨ ਸੂਬੇ ਦਾ ਪ੍ਰੀਮੀਅਰ ਗਰੈਂਟ ਡੀਵਾਈਨ ਨੇ ਅਕਤੂਬਰ 20 ਨੂੰ ਸੂਬੇ ਵਿਚ ਹੋਣ ਵਾਲੀਆਂ ਚੋਣਾਂ ਲਈ ਆਪਣਾ ਪ੍ਰਚਾਰ ਮੁਹਿੰਮ ਤੇਜ਼ ਕਰ ਦਿਤਾ ਹੈ ਪ੍ਰੀਮੀਅਰ ਨੂੰ ਮੁਖ ਸਾਹਮਣਾ ਐਨ. ਡੀ. ਪੀ. ਦੇ ਐਲਨ ਬਲੈਕਨੇ ਨਾਲ ਕਰਨਾ ਪੈ ਰਿਹਾ ਹੈ ਤੇ ਉਸਨੇ ਮੁਖ ਤੌਰ ਤੇ ਐਨ. ਡੀ. ਪੀ. ਕੈਨੇਡੀਅਨ ਲੇਬਰ ਕਾਂਗਰਸ ਅਤੇ ਹੋਰ ਮਜ਼ਦੂਰ ਜਥੇਬੰਦੀਆਂ ਤੇ ਹਮਲੇ ਸ਼ੁਰੂ ਕੀਤੇ ਹਨ ਉਸਦਾ ਕਹਿਣਾ ਹੈ ਕਿ ਮਜ਼ਦੂਰ ਯੂਨੀਅਨਾਂ ਸੂਬੇ ਦੀ ਤਰੱਕੀ ਵਿਚ ਮੁਖ ਅੜਿਕਾ ਹਨ। ਉਸਨੇ ਆਪਣੀਆਂ ਤਾਜ਼ੀਆਂ ਤਕਰੀਰਾਂ ਵਿਚ ਆਪਣੇ ਸੂਬੇ ਦੀ ਵਿਰੋਧੀ ਧਿਰ ਨੂੰ ਤਾਂ ਨਿੰਦਣਾ ਹੀ ਸੀ ਨਾਲ ਹੀ ਮੈਨੀਟੋਬਾ ਦੀ ਐਨ. ਡੀ. ਪੀ. ਦੀ ਸਰਕਾਰ, ਓਨਟੇਰੀਓ ਦੀ ਲਿਬਰਲ ਸਰਕਾਰ ਤੇ ਕਿਊਬਿਕ ਦੀ ਲਿਬਰਲ ਸਰਕਾਰ ਨੂੰ ਵੀ ਆਪਣੀਆਂ ਤਕਰੀਰਾਂ ਵਿਚ ਮੁਖ ਨਿਸ਼ਾਨਾ ਬਣਾਇਆ। ਯਾਦ ਰਹੇ ਕਿ ਸਸਕੈਚਵਨ ਵਿਚ 1982 ਤੋਂ ਪਹਿਲਾਂ ਐਨ. ਡੀ. ਪੀ. ਦੀ ਸਰਕਾਰ ਸੀ ਤੇ ਇਸ ਸਰਕਾਰ ਨੂੰ ਹਰਾਕੇ ਡਿਵਾਈਨ ਪ੍ਰੀਮੀਅਰ ਬਣਿਆ ਸੀ। ਜਿਵੇਂ ਕਿ ਆਮ ਇਹ ਜਾਣਿਆ ਜਾਂਦਾ ਹੈ ਕਿ ਟੋਰੀ ਭਾਵ ਕਨਜ਼ਰਵੇਟਿਵ ਆਮ ਲੋਕਾਂ ਦੇ ਹੱਕਾਂ ਦੀ ਗੱਲ ਘੱਟ ਹੀ ਕਰਦੇ ਹਨ ਤੇ ਮੁਖ ਤੌਰ ਤੇ ਇਹ ਵਪਾਰੀ ਅਤੇ ਵੱਡੇ ਕਾਰਖਾਨੇਦਾਰ ਹਨ ਤਾਂ ਹੀ ਇਹ ਆਮ ਲੋਕਾਂ ਦੀ ਹਿਮਾਇਤ ਕਰਦੀਆਂ ਮਜ਼ਦੂਰ ਜਥੇਬੰਦੀਆਂ ਤੇ ਹਮਲੇ ਕਰਦੇ ਹਨ ਇਹੀ ਹਾਲ ਹੁਣ ਗਰੈਂਟ ਡਿਵਾਈਨ ਦਾ ਹੈ।

ਜੀਵਾਣੂ ਯੁੱਧ ਲਈ ਤਿਆਰ ਕੀਤਾ ਵਾਈਰਸ ਅਮਰੀਕੀ ਸੈਨਾ ਦੀ ਲੈਬਾਟਰੀ 'ਚੋਂ ਗੁੰਮ

ਵਾਸ਼ਿੰਗਟਨ — ਅਮਰੀਕੀ ਸੈਨਾ ਨੇ ਇਕ ਵਾਈਰਸ ਦੀ ਖੋਜ ਕੀਤੀ ਸੀ ਜੋ ਕਿ ਜੀਵਾਣੂ ਯੁਧ ਲਈ ਵਰਤਿਆ ਜਾਣਾ ਸੀ। ਇਹ ਵਾਈਰਸ ਜਿਸ ਨੂੰ ਚਿਕਾਓਂਗਿਆ ਦਾ ਨਾਂ ਦਿਤਾ ਗਿਆ — ਅਮਰੀਕੀ ਸੈਨਾ ਦੀ ਲੈਬਾਟਰੀ ਤੋਂ ਗੁੰਮ ਗਿਆ ਸੀ ਤੇ ਇਹ ਵਾਈਰਸ ਸਾਰੀ ਦੁਨੀਆਂ ਦੇ ਲੋਕਾਂ ਤੇ ਭੈੜਾ ਅਸਰ ਪਾਉਣ ਲਈ ਕਾਫੀ ਹੈ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਵਾਈਰਸ ਫੋਰਟ ਡਾਈਰਿਚ ਵਿਚ ਸਟੋਰ ਕੀਤਾ ਗਿਆ ਸੀ ਤੇ ਵਾਤਾਵਰਣ ਸੰਬੰਧੀ ਇਕ ਗਰੁਪ ਨੇ ਪੈਂਟਾਗਾਨ ਨੂੰ ਦੋਸ਼ੀ। ਠਹਿਰਾਉਂਦਿਆਂ ਅਮਰੀਕੀ ਕੋਰਟ ਵਿਚ ਇਸਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਹੈ। ਇਸ ਫਾਊਂਡੇਸ਼ਨ ਗਰੁਪ ਦਾ ਕਹਿਣਾ ਹੈ ਕਿ ਇਹ ਵਾਈਰਸ ਆਦਮੀ ਨੂੰ ਮਾਰਦਾ ਨਹੀਂ ਪਰ ਸਰੀਰ ਨੂੰ ਕਮਜ਼ੋਰ ਕਰ ਦਿੰਦਾ ਹੈ। ਫਾਊਂਡੇਸ਼ਨ ਦਾ ਕਹਿਣਾ ਹੈ ਕਿ ਇਸ ਵਾਈਰਸ ਦੀ ਰੋਕਥਾਮ ਲਈ ਪੈਂਟਾਗਾਨ ਨੂੰ ਖੋਜ ਕਰਨੀ ਚਾਹੀਦੀ ਹੈ।

ਈਸਟ ਇੰਡੀਅਨ ਵਰਕਰਜ਼ ਐਸ: ਆਫ ਕੈਨੇਡਾ ਵਲੋਂ

ਵੈਨਕੂਵਰ ਵਿਚ ਕੋਪ ਦੀ ਮਦਦ ਅਤੇ ਫੰਡ ਇਕੱਠਾ ਕਰਨ ਲਈ ਭਾਰਤੀ ਖਾਣਿਆਂ ਦੇ ਡਿਨਰ ਦਾ ਪ੍ਰੋਗਰਾਮ

ਈਸਟ ਇੰਡੀਅਨ ਵਰਕਰਜ਼ ਐਸ: ਆਫ ਕੈਨੇਡਾ ਵਲੋਂ ਚਾਰ ਅਕਤੂਬਰ ਨੂੰ ਵੈਨਕੂਵਰ ਵਿਚ ਨਵੰਬਰ ਮਹੀਨੇ ਹੋ ਰਹੀਆਂ ਮਿਊਂਸਪਲ ਚੋਣਾਂ ਵਿਚ ਕੋਪ (ਕੌਂਸਲ ਆਫ ਪਰੋਗਰੈਸਿਵ ਇਲੈਕਟਰਜ਼) ਦੀ ਮਦਦ ਕਰਨ ਅਤੇ ਫੰਡ ਇਕੱਠਾ ਕਰਨ ਲਈ ਇਹ ਪਰੋਗਰਾਮ ਕੀਤਾ ਜਾ ਰਿਹਾ ਹੈ। ਇਸ ਵਿਚ ਮੇਅਰ ਪਦ ਲਈ ਖੜੇ ਵੈਨਕੂਵਰ ਦੇ ਅਗਾਂਹਵਧੂ ਐਲਡਰਮੈਨ ਹੈਰੀ ਰੈਂਕਿਨ ਅਤੇ ਹੋਰ ਪਦਾਂ ਲਈ ਖੜੇ ਉਮੀਦਵਾਰ ਹਿਸਾ ਲੈਣਗੇ।

ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਵੱਡੀ ਭੰਗੜਾ ਟੀਮ ਅਤੇ ਛੋਟੇ ਬੱਚਿਆਂ ਦੀ ਟੀਮ ਵਲੋਂ ਪ੍ਰਸਿਧ ਲੋਕ ਨਾਚ ਭੰਗੜਾ ਪੇਸ਼ ਕੀਤਾ ਜਾਵੇਗਾ। ਭਾਰਤੀ ਖਾਣਿਆਂ ਦਾ ਡਿਨਰ ਦਿਤਾ ਜਾਵੇਗਾ।

ਇੰਡੀਅਨ ਵਰਕਰਜ਼ ਐਸੋ: ਵਲੋਂ ਅਤੇ ਹੈਰੀ ਰੈਂਕਿਨ ਅਤੇ ਹੋਰ ਉਮੀਦਵਾਰਾਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਅਸੀਂ ਵੈਨਕੂਵਰ ਵਿਚ ਰਹਿੰਦੀ ਭਾਰਤੀ ਕਮਿਊਨਿਟੀ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਇਸ ਵਿਚ ਵਧ ਚੜ੍ਹ ਕੇ ਹਿਸਾ ਲੈਣ।

4 ਅਕਤੂਬਰ ਦਿਨ ਸਨਿਚਰਵਾਰ
ਸ਼ਾਮ ਦੇ 6.00 ਵਜੇ
ਵਿਕਟੋਰੀਆ ਡਰਾਈਵ ਕਮਿਊਨਿਟੀ ਹਾਲ
2026 - ਈਸਟ 43 ਐਵੇਨੀਊ, ਵੈਨਕੂਵਰ
ਟਿਕਟ ਪ੍ਰਤੀ ਵਿਅਕਤੀ — 10 ਡਾਲਰ
ਹੋਰ ਜਾਣਕਾਰੀ ਲਈ ਫੋਨ ਕਰੋ :—
ਪ੍ਰਧਾਨ — ਸੁਰਿੰਦਰ ਸਿੰਘ ਸੰਘਾ — 588-5217
ਜਨਰਲ ਸਕੱਤਰ — ਮਹਿੰਦਰ ਸੁਮਲ — 327-6461

ਮੁਸਕਾਣ ਤੇਰੀ ਸਾਹਵੇਂ ਚੇਤਰ-ਸਵੇਰ ਕੀ ਹੈ?
ਫੁੱਲਾਂ ਦੇ ਢੇਰ ਸਾਹਵੇਂ ਖਾਲੀ ਚੰਗੇਰ ਕੀ ਹੈ?

ਹਾਕਮਾਂ ਦੀ ਰਾਜਨੀਤੀ ਵਿਚ ਨਸਲਵਾਦ

ਸੂਫ਼ੀ ਅਮਰਜੀਤ

ਲੁਟੇਰੀਆਂ ਜਮਾਤਾਂ ਦੀ ਰਾਜਨੀਤੀ ਦਾ ਇਕ ਅਨਿਖੜ ਅੰਗ 'ਵਿਤਕਰਾ' ਹੈ। ਵਿਤਕਰੇ ਨੂੰ ਉਹ ਆਪਣੇ ਮਨੋਰਥਾਂ ਦੀ ਪੂਰਤੀ ਲਈ, ਖਾਸ ਕਰਕੇ ਰਾਜ ਸੱਤਾ ਵਿਚ ਰਹਿਣ ਲਈ, ਹਥਿਆਰ ਵਜੋਂ ਸਮੇਂ ਅਤੇ ਲੋੜ ਅਨੁਸਾਰ ਵਰਤਦੀਆਂ ਵੱਖਵਾਦ, ਬੋਲੀ, ਧਰਮ, ਇਲਾਕੇ ਅਤੇ ਸਭਿਅਤਾ ਤੇ ਆਧਾਰਤ ਅਤੇ ਨਸਲਵਾਦ ; ਰੰਗ ਉਤੇ ਆਧਾਰਤ, ਉਹ ਆਮ ਹੀ ਵਰਤੋਂ ਵਿਚ ਲਿਆਉਂਦੀਆਂ ਹਨ।

ਇਸ ਸਮੇਂ ਜਿਥੇ ਖੁਲ੍ਹੇ ਤੌਰ ਉਪਰ ਨਸਲਵਾਦ ਨੂੰ ਰਾਜਨੀਤੀ ਦਾ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ ਉਹ ਦੱਖਣੀ ਅਫਰੀਕਾ ਹੈ, ਜਿਸਦੀ ਸਰਕਾਰ ਇਸ ਗੈਰ-ਮਨੁੱਖੀ ਪ੍ਰਬੰਧ ਨੂੰ ਖਤਮ ਕਰਨ ਲਈ, ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਆਪਣੀ ਰਾਜਕੀ-ਹਿੰਸਾ ਦਾ ਸ਼ਿਕਾਰ ਬਣਾ ਰਹੀ ਹੈ। ਅੱਜ ਸਾਰਾ ਸੰਸਾਰ ਇਸ ਨਸਲੀ ਭੇਦ ਭਾਵ ਤੇ ਆਧਾਰਤ ਪ੍ਰਬੰਧ ਨੂੰ ਖਤਮ ਕਰਨ ਲਈ ਦਬਾਓ ਪਾ ਰਿਹਾ ਹੈ ਪ੍ਰੰਤੂ ਇਸ ਨੂੰ ਕਾਇਮ ਰੱਖਣ ਲਈ, ਅਮਰੀਕੀ ਸਾਮਰਾਜੀ, ਬਰਤਾਨਵੀ, ਪੱਛਮੀ ਜਰਮਨ, ਜਾਪਾਨ ਆਦਿ ਸਹਾਇਤਾ ਕਰ ਰਹੇ ਹਨ। ਜਿਵੇਂ ਬੀ. ਸੀ. ਦੀ ਸੋਕਰਡ ਸਰਕਾਰ ਆਪਣੀ ਸ਼ਕਤੀ ਦੇ ਜ਼ੋਰ ਦੱਖਣੀ ਅਫਰੀਕਾ ਦੀ ਵਾਈਨ ਸਰਕਾਰੀ ਠੇਕਿਆਂ ਵਿਚ ਵੇਚਣ ਤੇ ਜਿੱਦ ਕਰ ਰਹੀ ਹੈ।

ਇਥੇ ਅਸੀਂ ਨਸਲਵਾਦ ਨੂੰ ਵਿਆਪਕ ਤੌਰ ਉਪਰ ਵਿਚਾਰ ਦੀ ਥਾਵੇਂ ਇਸ ਨੂੰ ਹੇਠਲੀ ਪੱਧਰ ਉਪਰ ਹਾਕਮ ਜਮਾਤਾਂ ਜਿਵੇਂ ਅਪਣਾ ਰਹੀਆਂ ਹਨ, ਦੇਖਣਾ ਹੈ।

ਇਹ ਗੱਲ ਤਾਂ ਦਿਨ ਵਾਂਗ੍ਹ ਜ਼ਾਹਰ ਹੈ ਕਿ ਹਾਕਮ ਲੁਟੇਰੀਆਂ ਜਮਾਤਾਂ ਚਾਹੇ ਕਿਸੇ ਰੰਗ ਦੀਆਂ ਹੋਣ ਮਿਹਨਤੀ ਲੋਕਾਂ ਨਾਲੋਂ ਆਪਣੇ ਆਪ ਨੂੰ ਉਚਾ ਅਤੇ ਉਤਮ ਸਮਝਦੀਆਂ ਹਨ। ਪ੍ਰੰਤੂ ਕਈ ਵਾਰੀ ਇਨ੍ਹਾਂ ਹਾਕਮ ਜਮਾਤਾਂ ਵਿਚ ਅੰਦਰੂਨੀ ਧੜੇਬੰਦੀ ਇਸ ਹੱਦ ਤੱਕ ਵਧ ਚੁਕੀ ਹੁੰਦੀ ਹੈ ਕਿ ਉਹ ਆਪਣੀ ਜਮਾਤ ਦੇ ਹੀ ਦੂਜੀ ਨਸਲ ਦੇ ਲੋਕਾਂ ਨੂੰ ਬਰਾਬਰ ਸਮਝਣ ਤੇ ਮੰਨਣ ਤੋਂ ਵੀ ਇਨਕਾਰ ਕਰਦੇ ਹਨ। ਜਾਂ ਇਉਂ ਕਹੋ ਕਿ ਬਰਾਬਰਤਾ ਨੂੰ ਪਰੇ ਕਰਕੇ ਰੰਗਦਾਰ ਲੋਕਾਂ 'ਚੋਂ ਕੁਝ ਲੋਕ ਆਪਣੇ ਨਿਜੀ ਸੁਆਰਥਾਂ ਲਈ, ਜਦੋਂ ਉਨ੍ਹਾਂ ਦੇ ਨੇੜੇ ਢੁੱਕਦੇ ਹਨ, ਤਾਂ ਤਾਂ ਉਹ ਇਨ੍ਹਾਂ ਉਪਰ ਯਕੀਨ ਕਰਨ ਲਈ ਤਿਆਰ ਨਹੀਂ ਹੁੰਦੇ। ਇਸ ਦੀਆਂ ਦੋ ਉਭਰਦੀਆਂ ਮਿਸਾਲਾਂ ਪਿਛਲੇ ਦਿਨਾਂ ਵਿਚ ਹੀ ਵੈਨਕੂਵਰ ਵਿਚ ਦੇਖਣ ਵਿਚ ਆਈਆਂ ਹਨ।

ਪਹਿਲੀ ਮਿਸਾਲ ਸੋਕਰਡ ਪਾਰਟੀ ਦੇ ਲੀਡਰ ਦੀ ਚੋਣ ਸਮੇਂ ਡੈਲੀਗੇਟਾ ਦੀ ਚੋਣ ਦੀ ਹੈ ਜਦੋਂ ਕਿ ਕੇਵਲ ਈਸਟ ਇੰਡੀਅਨ ਕਮਿਊਨਿਟੀ ਨਾਲ **ਸੰਬੰਧਿਤ ਸੋਕਰਡ ਮੈਂਬਰਾਂ ਦੇ ਹੀ ਸ਼ਨਾਖਤੀ ਪੇਪਰ ਪੜਤਾਲੇ ਗਏ, ਜਿਸ ਦਾ ਸਾਫ ਅਰਥ ਇਨ੍ਹਾਂ ਲੋਕਾਂ ਦੇ ਭਾਰਤੀ ਮੂਲ ਦੇ ਹੋਣ ਕਾਰਨ ਅਤੇ ਰੰਗ ਦੇ ਕਸੈਲੇ ਹੋਣ ਕਾਰਨ ਇਨ੍ਹਾਂ ਦੀ ਦਿਆਨਤਦਾਰੀ ਉਪਰ ਸ਼ੱਕ ਕੀਤਾ ਗਿਆ।** ਇਹ ਸਿੱਧੀ ਨਸਲਵਾਦੀ ਪਹੁੰਚ ਬੀ. ਸੀ. ਵਿਚ ਰਾਜ ਕਰ ਰਹੀ ਸੋਕਰਡ ਪਾਰਟੀ ਨੂੰ ਕੰਟਰੋਲ ਕਰਨ ਵਾਲੇ ਢਾਂਚੇ ਦੀ ਹੈ।

ਅਜਿਹੀ ਪਾਰਟੀ ਤੋਂ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਘੱਟ ਗਿਣਤੀਆਂ ਦੇ ਨਾਲ ਵਿਤਕਰੇ ਤੋਂ ਰਹਿਤ ਵਰਤਾਓ ਕਰੇਗੀ। ਇਸਦੇ ਪਿਛਲੇ ਹਕੂਮਤ ਦੇ ਸਾਲਾਂ ਤੇ ਨਜ਼ਰ ਮਾਰਕੇ ਵੀ ਦੇਖ ਸਕਦੇ ਹਾਂ ਕਿ ਇਸ ਦੀ ਹਰ ਨੀਤੀ ਟੇਢੇ ਢੰਗ ਨਾਲ ਘੱਟ ਗਿਣਤੀਆਂ ਭਾਰਤੀਆਂ, ਚੀਨਿਆਂ, ਅਤੇ ਨੇਟਿਵ ਇੰਡੀਅਨ ਦੇ ਹਿਤਾਂ ਉਪਰ ਵਾਰ ਕਰਦੀ ਹੈ। ਜਿਵੇਂ ਨਵੇਂ ਆਏ ਇਮੀਗਰੈਂਟਾਂ ਨੂੰ ਅੰਗਰੇਜ਼ੀ ਸਿੱਖਣ ਲਈ ਪਹਿਲਾਂ ਦਿਤੀ ਜਾ ਰਹੀ ਸਹੂਲਤ ਦਾ ਬੰਦ ਕਰਨਾ ਅਤੇ ਨੇਟਿਵ ਲੋਕਾਂ ਦੇ ਜ਼ਮੀਨੀ ਕਲੇਮਾਂ ਸੰਬੰਧੀ ਧੱਕੇ ਸ਼ਾਹੀ ਕਰਨਾ ਆਦਿ ਹੈ।

ਦੂਜੀ ਨਸਲਵਾਦੀ ਮਿਸਾਲ ਸੋਕਰਡ ਸਰਕਾਰ ਦੀ ਪੁਸ਼ਤਪਨਾਹੀ ਵਾਲੀ ਵੈਨਕੂਵਰ ਮਿਊਂਸਪਲ ਚੋਣਾਂ ਵਿਚ ਦੀ ਇਕ ਧਿਰ ਐਨ. ਪੀ. ਏ. ਦੀ ਹੈ। ਜਦੋਂ ਪਿਛਲੇ ਦਿਨਾਂ ਵਿਚ ਐਨ. ਪੀ. ਏ. ਦੇ ਉਮੀਦਵਾਰਾਂ ਦੀ ਚੋਣ ਹੋ ਰਹੀ ਸੀ ਤਾਂ ਚੀਨੀ ਨਸਲ ਦੇ ਜਿੰਮ ਹਿਊਈ ਦੇ ਜਿੱਤਣ ਉਪਰ ਇਸ ਕਰਕੇ ਰੌਲਾ ਪਿਆ ਕਿ ਉਸ ਦੀ ਸਹਾਇਤਾ ਲਈ ਚੀਨੇ ਮੈਂਬਰਾਂ ਨੂੰ ਇਕੱਠਿਆਂ ਵੋਟ ਕਰ ਦਿਤਾ। ਇਹੋ ਹੀ ਨਹੀਂ ਜਿੰਮ ਹਿਊਈ ਨੂੰ ਜਿੱਤ ਪਿਛੋਂ ਆਪਣਾਂ ਨਾਂ ਵਾਪਸ ਲੈਣ ਉਪਰ ਮੇਅਰ ਦੇ ਉਮੀਦਵਾਰ ਗੋਲਡਨ ਕੈਂਬਲ ਨੇ ਆਪ ਜ਼ੋਰ ਪਾਇਆ ਪ੍ਰੰਤੂ ਜਦੋਂ ਉਹ ਨਾ ਮੰਨਿਆ ਤਾਂ ਸ੍ਰੀ ਕੈਂਬਲ ਨੇ ਇਹ ਕਹਿ ਕੇ ਮਾਫੀ ਮੰਗ ਲਈ ਕਿ ਉਸ ਦੇ ਵਲੋਂ ਅਜਿਹਾ ਕਰਨਾ ਗਲਤੀ ਸੀ।

ਜਿੰਮ ਹਿਊਈ ਕਿਉਂਕਿ ਚੀਨੀ ਨਸਲ ਦਾ ਹੈ, ਉਸਦੇ ਸਪੋਰਟਰ ਚੀਨੇ ਸਨ, ਭਾਵੇਂ ਕਿ ਇਕ ਤਰ੍ਹਾਂ ਐਨ. ਪੀ. ਏ. ਨੂੰ ਇਸ ਦਾ ਲਾਭ ਹੀ ਹੋਣਾ ਸੀ ਪ੍ਰੰਤੂ ਉਨ੍ਹਾਂ ਦੇ ਮਨਾਂ ਦਾ ਨਸਲਵਾਦ ਉਨ੍ਹਾਂ ਨੂੰ ਆਪਣੇ ਬਰਾਬਰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੈ।

ਇਹ ਉਪਰੋਕਤ ਦੋ ਮਿਸਾਲਾਂ ਉਸ ਸਮੇਂ ਪੈਦਾ ਹੋਈਆਂ ਜਦੋਂ ਕਿ ਮਿਊਂਸਪਲ ਚੋਣਾਂ ਅਤੇ ਬੀ. ਸੀ. ਦੀਆਂ ਪ੍ਰੋਵੈਂਸ਼ਲ ਚੋਣਾਂ ਸਿਰ ਉਪਰ ਹਨ। ਜਦੋਂ ਕਿ ਪੰਜਾਬੀ ਕਹਾਵਤ ਦੇ ਅਨੁਸਾਰ "ਗਉਂ ਵੇਲੇ ਗਧੇ ਨੂੰ ਵੀ ਬਾਪੂ" ਆਖਿਆ ਜਾਂਦਾ ਹੈ। ਪ੍ਰੰਤੂ ਸੋਕਰਡ ਅਤੇ ਐਨ. ਪੀ. ਏ. ਦੇ ਲੀਡਰਾਂ ਦੀ ਨਸਲਵਾਦੀ ਪਹੁੰਚ ਫਿਰ ਵੀ ਧੱਕੇ ਨਾਲ ਬਾਹਰ ਆ ਗਈ।

ਇਨ੍ਹਾਂ ਪਾਰਟੀਆਂ ਤੋਂ ਸਾਡੇ ਲੋਕ ਕੀ ਕੋਈ ਉਮੀਦ ਰੱਖ ਸਕਦੇ ਹਨ ਕਿ ਜਿੱਤ ਤੋਂ ਮਗਰੋਂ ਇਨ੍ਹਾਂ ਦੀਆਂ ਨੀਤੀਆਂ ਘੱਟ ਗਿਣਤੀਆਂ ਦੇ ਹਿਤਾਂ ਦੀ ਰਾਖੀ ਕਰਨਗੀਆਂ।

ਬਰਨਾਲਾ ਨੂੰ ਅਸਤੀਫ਼ਾ ਦੇਣ ਦਾ ਹੱਕ ਨਹੀਂ

ਮੁਕਤਸਰ, -(ਪੱਤਰ ਪ੍ਰੇਰਕ) ਜਿਲਾ ਅਕਾਲੀ ਜਥਾ ਦੇ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਸੁਬੇਗ ਸਿੰਘ ਨੇ ਕਲ੍ਹ ਮਲੋਟ ਏਕਤਾ ਕਾਨਫਰੰਸ ਵਿਚ ਸ: ਬਰਨਾਲਾ ਨੂੰ ਕਿਹਾ ਕਿ ਉਨ੍ਹਾਂ ਨੂੰ ਕਿਸੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਉਹ ਜਨਰਲ ਅਜਲਾਸ ਵਲੋਂ ਅਕਾਲੀ ਦਲ ਦੇ ਪ੍ਰਧਾਨ ਤੇ ਵਿਧਾਨਕਾਰ ਪਾਰਟੀ ਵਲੋਂ ਮੁੱਖ ਮੰਤਰੀ ਚੁਣੇ ਗਏ ਹਨ। ਉਨ੍ਹਾਂ ਦੀ ਤਕਰੀਰ ਤੋਂ ਕਾਨਫਰੰਸ ਵਿਚ ਜੈਕਾਰੇ ਬੁਲਾਏ ਗਏ।

ਮੰਤਰੀ ਵਲੋਂ ਨਿਰੀਖਣ

ਮੁਕਤਸਰ, -(ਪੱਤਰ ਪ੍ਰੇਰਕ) ਪੰਜਾਬ ਦੇ ਸਿੰਚਾਈ ਬਾਰੇ ਰਾਜ ਮੰਤਰੀ ਸ: ਹਰੀ ਸਿੰਘ ਜ਼ੀਰਾ ਕਲ੍ਹ ਭੰਗੇ ਵਾਲਾ ਪਿੰਡ ਗਏ ਜਿਥੇ ਜਥੇਦਾਰ ਮਹਾਂ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਸ: ਜ਼ੀਰਾ ਵੱਲੋਂ ਆਪਸੀ ਭਾਈਚਾਰੇ ਤੇ ਜ਼ੋਰ

ਫਿਰੋਜ਼ਪੁਰ, -ਸ: ਹਰੀ ਸਿੰਘ ਜ਼ੀਰਾ ਸਿੰਚਾਈ ਅਤੇ ਮਕਾਨ ਉਸਾਰੀ ਮੰਤਰੀ ਪੰਜਾਬ ਨੇ ਜ਼ੀਰਾ ਵਿਖੇ ਸ਼ਹੀਦ ਲੌਂਗੋਵਾਲ ਦੀ ਬਰਸੀ ਸਬੰਧੀ ਲੋਕ ਸੰਪਰਕ ਦਫਤਰ ਫਿਰੋਜ਼ਪੁਰ ਵੱਲੋਂ ਚਲਾਏ ਜਾ ਰਹੇ ਪ੍ਰਚਾਰ ਪੰਦਰਵਾੜੇ ਦੌਰਾਨ ਸਾਗਰ ਜਾਦੂਗਰ ਦੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦੇ ਹੋਏ ਸਮੂਹ ਪੰਜਾਬੀਆਂ ਅਤੇ ਖਾਸ ਤੌਰ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਸਾਨੂੰ ਸੰਤ ਜੀ ਦੇ ਵਿਖਾਏ ਹੋਏ ਆਪਸੀ ਭਾਈਚਾਰੇ ਅਤੇ ਦੇਸ਼ ਪਿਆਰ ਦੇ ਰਸਤੇ ਤੇ ਚਲਦੇ ਹੋਏ ਪੰਜਾਬ ਸਰਕਾਰ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਅਤੇ ਲੋੜਵੰਦ ਲੋਕਾਂ ਦੀ ਬੇਹਤਰੀ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਸਕਣ। ਲੋਕ ਸੰਪਰਕ ਫਿਰੋਜ਼ਪੁਰ ਦੇ ਸ੍ਰੀ ਗਿਆਨ ਪ੍ਰਕਾਸ਼ ਨੇ ਦੱਸਿਆ ਕਿ 18 ਅਗਸਤ ਤੋਂ 31 ਅਗਸਤ ਤੱਕ ਪ੍ਰਚਾਰ ਪੰਦਰਵਾੜੇ ਦੇ ਸਬੰਧ ਵਿਚ ਜਾਦੂਗਰੀ ਸ਼ੋਅ ਡਰਾਮਾ ਸ਼ੋਅ ਅਤੇ ਸਿਨਮਾ ਸ਼ੋਅ ਚਲਾਏ ਗਏ।

'ਸਮਤਾ' ਦੇ ਪਾਠਕਾਂ ਲਈ ਜ਼ਰੂਰੀ ਸੂਚਨਾ

'ਸਮਤਾ' ਦੇ ਪ੍ਰਕਾਸ਼ਕ ਸ: ਗੁਰਸ਼ਰਨ ਸਿੰਘ ਵਲੋਂ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਜਿੰਨਾਂ ਦੇ ਚੰਦੇ ਖਤਮ ਹੋ ਚੁਕੇ ਹਨ, ਕਿਰਪਾ ਕਰਕੇ ਛੇਤੀ ਤੋਂ ਛੇਤੀ ਆਪਣਾ ਚੰਦਾ $15.00 ਹੇਠ ਲਿਖੇ ਪਤੇ ਤੇ ਭੇਜ ਦੇਵੋ ਤਾਂ ਕਿ ਪਰਚਾ ਭੇਜਣਾ ਜਾਰੀ ਰੱਖਿਆ ਜਾ ਸਕੇ।

SAMTA
13852 - 93A Ave.
Surrey, B.C. V3V 6L9

ਸਿਆਸੀ ਘਰੂਟ —
ਘਰੂਟਾਂ ਵਾਲੇ ਦੀ ਕਲਮ ਤੋਂ

- ਭੁਲੇਖਾ ਦੂਰ ਕਰੋ !

— ਜੇ ਭੁਲੇਖਾ ਹੀ ਦੂਰ ਹੋ ਗਿਆ ਤਾਂ ਬਚੇਗਾ ਕੀ ?

- ਛਾਅ ਕੇ ਕੁੱਟਿਆ

— ਇਹੋ ਜਿਹੀ ਗੱਲ ਕੋਲ ਹੀ ਰੱਖੀਦੀ ਹੈ !

- ਸਰਕਾਰ ਖਿਲਾਫ ਅੰਦੋਲਨ ਕਰਾਂਗੇ

— ਤੇਰੀ 'ਸਰਕਾਰ' ਦਾ ਵੀ ਪਤਾ ਲੱਗੇ ?

- ਦਹਿਸ਼ਤਪਸੰਦਾਂ ਤੇ ਹੋਰ ਸਖਤੀ ਕਰਾਂਗੇ .... ਬਰਨਾਲਾ

— ਨਾਲ ਬੇਕਸੂਰਾਂ ਦਾ ਕਿਉਂ ਵਾਹਣ ਕਰੀ ਜਾ ਰਹੇ ਹੋ !

- ਗੋਲੀਆਂ ਦੇ ਖੁਲ੍ਹੇ ਗੱਫੇ

— ਸਾਮਰਾਜੀ ਏਹੀ ਦਾਨ ਦਿੰਦੇ ਹਨ !

- ਨਵਾਂ ਵਿਜ਼ਟਰ ਵੀਜ਼ਾ ਜਾਰੀ

— ਤੁਹਾਡਾ ਬੱਸ ਚਲਿਆ ਤਾਂ ਸਾਰਿਆਂ ਦੇ ਬਿਸਤਰੇ ਗੋਲ ਕਰਾਉਂਗੇ ?

- ਔਰਤਾਂ ਨਾਲ ਛੇੜਖਾਨੀ 'ਚ ਚਾਰ ਸਾਲ ਕੈਦ

— ਅਜਿਹੇ ਫਰਜ਼ੰਦਾਂ ਨੂੰ ਹੁਣ ਤੱਕ ਐਵੇਂ ਹੀ ਹੀਰੋ ਬਣਾਉਂਦਾ ਰਿਹਾ !

- ਇਕ ਰੌਸ਼ਨੀ ਨਜ਼ਰ ਆਈ

— ਉਸ ਵੇਲੇ 'ਐਨਕਾਂ' ਲਾਹੀਆਂ ਹੋਣਗੀਆ !

- ਰਜਨੀਸ਼ ਨੇ ਸੁਤੰਤਰ ਸਿੱਖ ਰਾਜ ਦੀ ਮੰਗ ਕੀਤੀ

— ਬਣ ਜਾਓ ਚੇਲੇ — ਲੱਖਾਂ ਤੋਂ ਕਰੋੜਾਂ 'ਚ ਖੇਲੋਂਗੇ ?

- ਆਪਸੀ ਫੁਟ

— ਏਸੇ ਦੀ ਖੱਟਿਆ ਖਾ ਰਹੇ ਹੋ ?

- ਬਰਤਾਨੀਆ ਆਉਣ ਲਈ ਵੀਜ਼ੇ ਦੀ ਪਾਬੰਦੀ

— 'ਤੇਰਾ ਸ਼ੁਕਰੀਆ, ਤੇਰੀ ਮਿਹਰਬਾਨੀ'

- ਲਹਿਰ ਹੋਰ ਪੱਕੀ ਹੋ ਗਈ

— ਲਹਿਰ ਕਿ ਨਹਿਰ ?

- ਬੈਂਕ ਲੁੱਟ ਹੋਣੋਂ ਬਚੀ !

— ਹੁਣ ਤੱਕ ਦੀ 'ਕਮਾਈ' ਹੀ ਖੂਹ 'ਚ ਪੈਣ ਲੱਗੀ ਸੀ ਫੇਰ ਤਾਂ !

- ਪਹਿਲ ਏਥੋਂ ਦੀਆਂ ਸਮੱਸਿਆਵਾਂ ਨੂੰ !

— ਹੁਣ ਤੱਕ ਪੱਟੀ ਬੰਨ੍ਹੀ ਹੋਈ ਸੀ ਜੋ ਹੁਣ ਦਿਸਣ ਲੱਗੀਆਂ ਹਨ !

- ਧਮਾਕਾ

- ਬਚੋ । ਬਚਾਅ ਵਿਚ ਹੀ ਬਚਾਅ ਹੈ ।

- ਕੁਦਰਤ ਦੇ ਕ੍ਰਿਸ਼ਮੇ

— ਹੁਣ ਦਿਸਣ ਲੱਗੇ ਹਨ ?

ਸੀਖਾਂ ਦੇ ਪਿੱਛੇ
ਤਿੱਖੇ ਹਨ
ਆਜ਼ਾਦੀ ਦੇ ਗੀਤ !

ਸੀਖਾਂ ਦੇ ਪਿੱਛੇ
ਜੰਮਦੇ ਹਨ
ਜਾਂਬਾਜ਼ ਬੱਚੇ !
ਦਲੇਰ ਮਾਵਾਂ
ਬਹਾਦਰ ਪਿਉ !

ਬਲਿਊ ਸਟਾਰ ਉਪਰੇਸ਼ਨ ਇਕ ਗਲਤੀ ਸੀ — 84 ਦੇ ਦੰਗਿਆਂ ਦੀ ਨਿੰਦਾ

ਕਾਹਨੂੰਵਾਨ — ਇਥੇ ਕਾਂਗਰਸ(ਆਈ) ਵਲੋਂ ਇਕ ਵਿਸ਼ੇਸ਼ ਕਾਨਫਰੰਸ ਕੀਤੀ ਗਈ ਜਿਸ ਨੂੰ ਗਾਂਧੀ ਅਮਨ ਮਾਰਚ ਦਾ ਨਾਂ ਦਿਤਾ ਗਿਆ । ਇਸ ਕਾਨਫਰੰਸ 'ਚ ਮਹਾਤਮਾ ਗਾਂਧੀ ਦੀ ਨੂੰਹ ਨਿਰਮਲਾ ਗਾਂਧੀ ਵੀ ਉਚੇਚੇ ਤੌਰ ਤੇ ਪੁਜੀ । ਇਹਨਾਂ ਤੋਂ ਇਲਾਵਾ ਵਾਰਧਾ ਆਸ਼ਰਮ ਤੋਂ ਕੁਮਾਰੀ ਰੰਜਮਾਂ, ਕੇਰਲਾ ਦੇ ਵਿਨੋਬਾ ਭਾਵੇ ਦੇ ਆਗੂਆਂ ਦੇ ਮੈਨੇਜਰ ਸ੍ਰੀ ਦੇਵ ਪਾਂਡੇ, ਗਾਂਧੀ ਆਸ਼ਰਮ ਪਠਾਨਕੋਟ ਦੇ ਪ੍ਰਬੰਧਕ ਸ੍ਰੀ ਮਿਤਲਾ ਤੇ ਹੋਰ ਕਾਂਗਰਸ (ਆਈ) ਆਗੂ ਸ਼ਾਮਲ ਹੋਏ । ਸ੍ਰੀਮਤੀ ਨਿਰਮਲਾ ਗਾਂਧੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਸਾਡੇ ਪਰਿਵਾਰ ਨੇ ਦੇਸ਼ ਲਈ ਬਹੁਤ ਕੁਰਬਾਨੀ ਕੀਤੀ ਲੇਕਿਨ ਅਹੁਦਿਆਂ ਦਾ ਤਿਆਗ ਕੀਤਾ ਤੇ ਕੋਈ ਕੁਰਸੀ ਲੈਣੀ ਨਹੀਂ ਚਾਹੀ ਜਦੋਂ ਕਿ ਅਜ ਹਾਲਤ ਬਿਲਕੁਲ ਉਲਟ ਹੈ। ਅਜ ਸਾਰੇ ਕੁਰਸੀ ਲੈਣ ਦੀ ਦੌੜ ਵਿਚ ਲਗੇ ਹੋਏ ਹਨ । ਇਸ ਦੌੜ ਕਾਰਨ ਦੇਸ਼ ਦਾ ਵਿਕਾਸ ਠਪ ਹੋ ਗਿਆ । ਉਹਨਾਂ ਕਿਹਾ ਕਿ ਸਾਨੂੰ ਅਹੁਦਿਆਂ ਮਗਰ ਦੌੜਨ ਦੀ ਬਜਾਏ ਦੇਸ਼ ਦੇ ਹਿਤਾਂ ਦਾ ਖਿਆਲ ਰਖਕੇ ਇਸ ਦੇ ਵਿਕਾਸ ਵਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਸਤਰੀਆਂ ਨੂੰ ਪੰਜਾਬ ਦਾ ਮਾਹੌਲ ਠੀਕ ਕਰਨ ਲਈ ਆਪਣਾ ਸਹਿਯੋਗ ਦੇਣ ਵਾਸਤੇ ਅਗੇ ਆਉਣਾ ਚਾਹੀਦਾ ਹੈ। ਗਣਕਚਕ ਤੋਂ ਆਈ ਮਿਸ ਰੰਜਮਾਂ ਨੇ ਭਾਰਤ ਸਰਕਾਰ ਤੇ ਭਾਰਤ ਦੀ ਲੋਕਤੰਤਰਿਕ ਪ੍ਰਣਾਲੀ ਤੇ ਤਿਖੇ ਹਮਲੇ ਕੀਤੇ । ਉਹਨਾਂ ਕਿਹਾ ਕਿ ਭਾਰਤ ਦਾ ਅਜ ਵਾਲਾ ਲੋਕਤੰਤਰ ਢਾਂਚਾ ਅਸਲ ਵਿਚ ਇੰਗਲੈਂਡ ਤੋਂ ਇੰਪੋਰਟ (ਦਰਾਮਦ) ਕੀਤਾ ਹੋਇਆ ਹੈ ਅਤੇ ਭਾਰਤ ਸਰਕਾਰ ਨੇ ਇੰਗਲੈਂਡ ਦੀ ਨਕਲ ਕੀਤੀ ਹੋਈ ਹੈ । ਉਹਨਾਂ ਕਿਹਾ ਕਿ ਸੈਂਟਰਲ ਪਾਰਲੀਮੈਂਟ ਸਿਸਟਮ ਭਾਰਤ ਦੇ ਅਨੁਕੂਲ ਨਹੀਂ ਹੈ ਇਸ ਨੂੰ ਬਦਲਿਆ ਜਾਣਾ ਚਾਹੀਦਾ ਹੈ ਕਿਉਂਕਿ ਅਜ ਦਾ ਲੋਕਤੰਤਰੀ ਢਾਂਚਾ ਦੇਸ਼ ਦੀ ਸਭਿਅਤਾ ਦੇ ਅਨੁਕੂਲ ਨਹੀਂ ਹੈ। ਉਹਨਾਂ ਕਿਹਾ ਕਿ ਅਜਿਹਾ ਸੰਵਿਧਾਨ ਹੋਣਾ ਚਾਹੀਦਾ ਹੈ ਜੋ ਭਾਰਤ ਦੀ ਸਭਿਅਤਾ ਨਾਲ ਮੇਲ ਖਾਂਦਾ ਹੋਵੇ । ਇਹਨਾਂ ਨੇਤਾਵਾਂ ਨੇ ਕਿਹਾ ਕਿ ਬਲਿਊ ਸਟਾਰ ਅਪਰੇਸ਼ਨ ਇਕ ਗਲਤੀ ਸੀ ਜੋ ਨਹੀਂ ਸੀ ਹੋਣੀ ਚਾਹੀਦੀ ਅਤੇ ਉਸ ਤੋਂ ਬਾਅਦ ਨਵੰਬਰ ਦੇ ਦੰਗਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਦੋਵੇਂ ਘਟਨਾਵਾਂ ਨੇ ਹੀ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਵਿਚ ਵੱਡਾ ਹਿਸਾ ਅਦਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਿਆਸਤ ਨੂੰ ਧਰਮ ਵਿਚ ਨਹੀਂ ਲਿਆਉਣਾ ਚਾਹੀਦਾ। ਉਨ੍ਹਾਂ ਨੇ ਹਿੰਦੂ-ਸਿਖਾਂ ਦਾ ਆਪਸ ਵਿਚ ਨਹੁੰ ਮਾਸ ਦਾ ਰਿਸ਼ਤਾ ਹੈ ਅਤੇ ਇਹ ਕਦੇ ਵੀ ਨਾ ਟੁਟਣ ਵਾਲਾ ਹੈ।



ਸ਼ੋਕ ਸਮਾਚਾਰ

ਇਹ ਖਬਰ ਬੜੇ ਦੁਖ ਨਾਲ ਦਿਤੀ ਜਾਂਦੀ ਹੈ ਕਿ ਭਾਈ ਬੰਤਾ ਸਿੰਘ ਜੀ ਸਹੋਤਾ ਬੜਾ ਪਿੰਡ ਨਿਵਾਸੀ (ਜ਼ਿਲਾ ਜਲੰਧਰ) 20 ਸਤੰਬਰ 1986 ਨੂੰ ਸਵਰਗਵਾਸ ਹੋ ਗਏ ਹਨ । ਉਹ ਅਚਾਨਕ ਦਿਲ ਦੀ ਧੜਕਣ ਬੰਦ ਹੋ ਜਾਣ ਨਾਲ ਚਲ ਵਸੇ ਹਨ । ਉਨ੍ਹਾਂ ਦੇ ਦੋ ਸਪੁੱਤਰ ਸੰਤੋਖ ਸਿੰਘ ਸਹੋਤਾ ਅਤੇ ਮਹਿੰਦਰ ਸਿੰਘ ਸਹੋਤਾ ਹਨ ਅਤੇ ਇਕ ਲੜਕੀ ਬੀਬੀ ਹਰਬੰਸ ਕੌਰ ਗਿੱਲ ਹਨ। ਭਾਈ ਬੰਤਾ ਸਿੰਘ ਸਹੋਤਾ ਹੋਰਾਂ ਦੀ ਉਮਰ 76 ਸਾਲ ਸੀ ।

ਅੰਤਮ ਸਸਕਾਰ

27 ਸਤੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ ਦਸ ਵਜੇ ਹੈਮਿਲਟਨ ਮੌਰਚਰੀ (41st and Fraser) ਵਿਚ ਹੋਵੇਗਾ ।

ਸ੍ਰੀ ਅਖੰਡਪਾਠ

ਭਾਈ ਬੰਤਾ ਸਿੰਘ ਸਹੋਤਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡਪਾਠ ਦਾ ਅਰੰਭ 2 ਅਕਤੂਬਰ ਨੂੰ ਹੋਵੇਗਾ। ਅਖੰਡ ਪਾਠ ਦਾ ਭੋਗ 4 ਅਕਤੂਬਰ ਨੂੰ ਸਵੇਰੇ ਦਸ ਵਜੇ ਗੁਰੂ ਨਾਨਕ ਸਿੱਖ ਟੈਂਪਲ ਡੇਲਟਾ-ਸਰੀ ਵਿਖੇ ਪਵੇਗਾ । ਹੋਰ ਜਾਣਕਾਰੀ ਲਈ ਫੋਨ ਕਰੋ :

591-8314 ਜਾਂ 581-1289


ਪੰਜਾਬ 'ਚ ਹਾਲਤ ਵਿਗਾੜਨ ਲਈ ਕੇਂਦਰ ਦੋਸ਼ੀ

ਬਰਨਾਲਾ — ਮਜ਼ਦੂਰ ਏਕਤਾ ਯੂਨੀਅਨ ਵਲੋਂ ਸੰਸਾਰ ਜੰਗ ਵਿਰੋਧੀ ਆਵਾਜ਼ ਉਠਾਉਣ ਲਈ ਜਲਸਾ ਕੀਤਾ ਗਿਆ। ਜਿਸ ਨੂੰ ਮਾਸਟਰ ਚੰਦ ਸਿੰਘ ਚੋਪੜਾ ਸਾਬਕਾ ਐਮ. ਐਲ. ਏ. ਦਿਹਾਤੀ ਮਜ਼ਦੂਰ ਸਭਾ ਆਗੂ ਸ਼ੇਰ ਸਿੰਘ ਫਰਵਾਹੀ, ਮਜ਼ਦੂਰ ਆਗੂ ਸੌਦਾਗਰ ਸਿੰਘ, ਬਲਵੀਰ ਸਿੰਘ ਤੇ ਬਿਰਜ ਭੂਸ਼ਨ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਅਮਰੀਕਾ ਉਤੇ ਸੰਸਾਰ ਜੰਗੀ ਮਾਹੌਲ ਪੈਦਾ ਕਰਨ ਤੇ ਵੱਖ ਵੱਖ ਦੇਸ਼ਾਂ ਉਤੇ ਧੌਂਸ ਰਖਣ ਦੀ ਨੀਤੀ ਅਪਨਾਉਣ ਦਾ ਦੋਸ਼ ਲਾਇਆ । ਬੁਲਾਰਿਆਂ ਨੇ ਭਾਰਤ ਦੀ ਕਾਂਗਰਸ ਦੀਆਂ ਸਰਮਾਏਦਾਰ ਪੱਖੀ ਨੀਤੀਆਂ ਦੀ ਵੀ ਅਲੋਚਨਾ ਕੀਤੀ। ਪੰਜਾਬ ਦੀ ਹਾਲਤ ਵਿਗਾੜਨ ਤੇ ਪੰਜਾਬ ਸਮਝੌਤਾ ਲਾਗੂ ਨਾ ਕਰਨ ਲਈ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਗਈ। ਬੁਲਾਰਿਆਂ ਨੇ ਮਜ਼ਦੂਰਾਂ ਦੀਆਂ ਸਥਾਨਕ ਮੰਗਾਂ ਦੀ ਵੀ ਚਰਚਾ ਕੀਤੀ ਤੇ ਸਰਕਾਰ ਤੋਂ ਇਨ੍ਹਾਂ ਨੂੰ ਪੂਰਾ ਕਰਨ ਲਈ ਤੁਰਤ ਕਦਮ ਲੈਣ ਦੀ ਮੰਗ ਕੀਤੀ ਗਈ ।

ਪੁਲਸ ਘਰੋਂ ਫੜਕੇ ਨੌਜੁਆਨਾਂ ਨੂੰ ਮਾਰ ਰਹੀ ਹੈ — ਪੀ. ਐਸ. ਯੂ. ਵਲੋਂ ਦੋਸ਼

ਬਰਨਾਲਾ — ਪੰਜਾਬ ਸਟੂਡੈਂਟ ਯੂਨੀਅਨ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੌਜਵਾਨਾਂ ਨੂੰ ਘਰਾਂ ਤੋਂ ਫੜਕੇ ਤੇ ਸਰਹੱਦਾਂ ਉਤੇ ਲੈ ਜਾ ਕੇ, ਉਨ੍ਹਾਂ ਨੂੰ ਕਤਲ ਕਰਕੇ ਝੂਠੇ ਪੁਲਸ ਮੁਕਾਬਲੇ ਬਣਾ ਰਹੀ ਹੈ। ਯੂਨੀਅਨ ਦੀ ਸੰਗਰੂਰ ਜ਼ੋਨ ਕਮੇਟੀ ਦੇ ਮੈਂਬਰ ਗੁਰਮੀਤ ਸਿਘ ਤੇ ਬਲਵਿੰਦਰ ਸਿਘ ਅਤੇ ਸਰਗਰਮ ਗੁਰਮੇਲ ਸਿਘ, ਜਗਦੀਸ਼ ਰਾਏ ਤੇ ਨਛੱਤਰ ਸਿੰਘ ਨੇ ਬਿਆਨ ਵਿਚ ਕਿਹਾ ਕਿ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਪੰਜਾਬੀ ਸਮੱਸਿਆ ਹੱਲ ਨਹੀਂ ਹੋਣੀ, ਸਗੋਂ ਲੋਕਾਂ ਵਿਚ ਰੋਸ ਵਧ ਰਿਹਾ ਹੈ। ਬਿਆਨ ਵਿਚ ਕਿਹਾ ਗਿਆ ਨੂੰ ਕਿ ਪੰਜਾਬ ਦਾ ਮਸਲਾ ਅਤਿਵਾਦੀਆਂ ਤੇ ਅਮਨ ਕਾਨੂੰਨ ਦਾ ਮਸਲਾ ਹੀ ਨਹੀਂ ਸਗੋਂ ਪੰਜਾਬ ਅਤੇ ਦੇਸ਼ ਦੀ ਘਟ ਗਿਣਤੀ ਸਿਖ ਵਸੋਂ ਨਾਲ ਸਮੱਸਿਆ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਜੇ ਸਰਕਾਰ ਨੇ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਨੌਜਵਾਨਾਂ ਨੂੰ ਮਾਰਨਾ ਬੰਦ ਨਾ ਕੀਤਾ ਤਾਂ ਯੂਨੀਅਨ ਸੰਘਰਸ਼ ਕਰਨ ਉਤੇ ਮਜ਼ਬੂਰ ਹੋਵੇਗੀ। ਇਸ ਦੌਰਾਨ ਯੂਥ ਅਕਾਲੀ ਦਲ (ਬਾਦਲ) ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਾਜਿੰਦਰ ਸਿਘ ਕਾਂਝਲਾ ਨੇ ਕਿਸੇ ਅਫਸਰ ਰਾਹੀਂ ਦਸ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲੇ ਦੀ ਜਾਂਚ ਨੂੰ ਰੱਦ ਕਰਦਿਆਂ ਮੰਗ ਕੀਤੀ ਕਿ ਜਾਂਚ ਕਿਸੇ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ। ਉਹਨਾਂ ਮੰਗ ਕੀਤੀ ਕਿ ਅੱਠ ਮਹੀਨਿਆਂ ਦੌਰਾਨ ਸਰਹੱਦਾਂ ਉਤੇ ਅਖੌਤੀ 'ਘੁਸਪੈਂਠੀਏ' ਅਤੇ ਮੁਕਾਬਲਿਆਂ ਵਿਚ ਮਾਰੇ ਵਿਅਕਤੀਆਂ ਦੀ ਸਰਕਾਰ ਲਿਸਟ ਪ੍ਰਕਾਸ਼ਤ ਕਰੇ।

ਅਤੇ ਉਹ ਸੁਪਨਾ ਅਮਰ ਹੈ
ਜੋ ਆਪਣੇ ਬੀਜ ਖਿਲਾਰ ਗਿਆ ਹੈ।



With the bridge towering behind them, Alex Fraser and Deputy Premier Grace McCarthy

Matrimonial

Suitable match for Jat Sikh tall Gill boy 22 years BScin electrical and electronic engineering serving in Government Defense Department. Parents well settled in U.K.

contact :
Vir Singh Gill
10 Kingsley Ave.
Hounslow East, U.K.
Ph. 011-441-577-0184

P.S. Cheema
Toronto - Ph. [416] 678-0258

‘ਖਾਲਿਸਤਾਨ ਕਮਾਂਡੋ ਫੋਰਸ’ ਦੇ ਅਖੌਤੀ ਜਰਨੈਲ ਮਨਬੀਰ ਸਿੰਘ ਦੇ ਹੈਰਾਨੀ-ਭਰੇ ਪ੍ਰਗਟਾਵੇ

—‘ਇੰਡੀਆ ਟੁਡੇ’ ਦੀ ਰੀਪੋਰਟ —



‘ਖਾਲਿਸਤਾਨ’ ਦਾ ਐਲਾਨ

ਇਸ ਸਮੇਂ ਜੋ ਪੁਛ-ਪੜਤਾਲ ਮਨਬੀਰ ਸਿੰਘ ਦੀ ਚਲ ਰਹੀ ਹੈ ਉਸ ਵਿਚ ਖੁਫੀਆ ਵਿਭਾਗ ਦੇ ਕਰਮਚਾਰੀ 29 ਅਪ੍ਰੈਲ ਨੂੰ ‘ਖਾਲਿਸਤਾਨ’ ਦੇ ਐਲਾਨ ਕੀਤੇ ਜਾਣ ਬਾਰੇ ਘਟਨਾ ਦੀ ਪੜਤਾਲ ਕਰ ਰਹੇ ਹਨ। “1985 ਤੋਂ ਟਕਸਾਲ ਦੇ ਆਗੂ ਬੱਬਰ ਖਾਲਸਾ, ਕੰਵਰ ਸਿੰਘ ਅਤੇ ਹਰਿਦਰ ਸਿੰਘ ਕਾਹਲੋਂ ਨੂੰ ਮੰਨਾਉਣ ਲੱਗੇ ਹੋਏ ਹਨ ਕਿ ਉਹ ‘ਖਾਲਿਸਤਾਨ’ ਦੇ ਐਲਾਨ ਦੀ ਮੱਦਦ ਕਰਨ। ਕੰਵਰ ਸਿੰਘ ਜੋ ਇਸ ਸਮੇਂ ਪਾਕਿਸਤਾਨ ਵਿਚ ਹੈ ਉਨ੍ਹਾਂ ਦੇ ਆਖੇ ਲੱਗ ਗਿਆ ਪਰ ਉਸਦੀ ਧੰਨਾ ਸਿੰਘ ਤੇ ਮਾਨੋਚਾਹਲ ਨਾਲ ਨਹੀਂ ਬਣਦੀ। ਗੁਰਜੀਤ ਸਿੰਘ ਜੋ ਭਿੰਡਰਾਂਵਾਲੇ ਦਾ ਰਿਸ਼ਤੇਦਾਰ ਹੈ ਜੋ ਪਾਕਿਸਤਾਨ ਤੋਂ ਵਾਪਸ ਆ ਕੇ ਕਹਿਣ ਲੱਗਾ ਕਿ ਪਾਕਿਸਤਾਨ ਉਨਾ ਚਿਰ ਹੋਰ ਹਥਿਆਰ ਦੇਣ ਲਈ ਤਿਆਰ ਨਹੀਂ ਜਿਨਾ ਚਿਰ ‘ਖਾਲਿਸਤਾਨ’ ਦਾ ਐਲਾਨ ਨਹੀਂ ਹੁੰਦਾ। ਪਰ ਜੇ ਅਸੀਂ ‘ਖਾਲਿਸਤਾਨ’ ਦਾ ਐਲਾਨ ਕਰ ਦੇਈਏ ਤਾਂ ਉਹ ਖੁਲ੍ਹ ਕੇ ਸਾਡੀ ਮੱਦਦ ਉਤੇ ਆਉਣ ਲਈ ਤਿਆਰ ਹੈ। ਉਸਦੀ ਦਲੀਲ ਸੀ ਕਿ ਐਲਾਨ ਪਿਛੋਂ ਸਾਡਾ ਨਿਸ਼ਾਨਾ ਸਪੱਸ਼ਟ ਹੋ ਜਾਵੇਗਾ ਤੇ ਜੋ ਸਿੱਖ ਇਸ ਲਈ ਮਰਨਗੇ ਉਹ ਸ਼ਹੀਦ ਸਮਝੇ ਜਾਣਗੇ। ਮੇਰਾ ਵਿਚਾਰ ਸੀ ਕਿ ਐਲਾਨ ਤੋਂ ਪਿਛੋਂ ਪੁਲਸ ਦਰਬਾਰ ਸਾਹਿਬ ਵਿਚ ਦਾਖਲ ਹੋਵੇਗੀ ਤੇ ਸਾਡਾ ਵੱਡਾ ਟਿਕਾਣਾ ਖਤਮ ਹੋ ਜਾਵੇਗਾ। ਮੈਂ ਦਲੀਲ ਦਿਤੀ ਕਿ ਸਾਨੂੰ ਛੇ ਸੱਤ ਮਹੀਨੇ ਹੋਰ ਉਡੀਕਣਾ ਚਾਹੀਦਾ ਹੈ ਪਰ ਗੁਰਜੀਤ ਅਤੇ ਬਲਬੀਰ ਨੇ ਜ਼ਿਦ ਕੀਤੀ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਘੱਟੋ ਘੱਟ ਨੀਲਾ ਤਾਰਾ ਉਪਰੇਸ਼ਨ ਦੀ ਬਰਸੀ 4 ਜੂਨ ਤੱਕ ਉਹ ਠਹਿਰ ਜਾਣ ਪਰ ਕੋਈ ਵੀ ਮੁਤਫਿਲ ਨਾ ਹੋਇਆ ਤੇ ‘ਖਾਲਿਸਤਾਨ’ ਦੇ ਐਲਾਨ ਤੋਂ ਅੱਧਾ ਘੰਟਾ ਪਹਿਲਾਂ ਮੈਂ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲ ਆਇਆ। ਗੁਰਜੀਤ ਨੇ ਮੈਨੂੰ ਕਿਹਾ ਕਿ ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਦੇ ਆਗੂਆਂ ਨੂੰ ‘ਖਾਲਿਸਤਾਨ’ ਦੇ ਐਲਾਨ ਬਾਰੇ ਪਹਿਲਾਂ ਪਤਾ ਨਾ ਲੱਗੇ।”

ਪਰ ਪੰਜਾਬ ਪੁਲਸ ਨੂੰ ਜੋ ਜਾਣਕਾਰੀ ਮਨਬੀਰ ਸਿੰਘ ਤੋਂ ਮਿਲੀ ਹੈ ਉਹ ਤਰਸੇਮ ਸਿੰਘ ਕੋਹਾੜ ਤੋਂ ਨਹੀਂ ਮਿਲੀ। ਤਰਸੇਮ ਸਿੰਘ ਕੋਹਾੜ 28 ਸਾਲ ਦਾ ਉਮਰ ਦਾ ਹੈ। ਕੋਹਾੜ ਨੇ ਮੁਕਤਸਰ ਵਾਲੇ ਕਤਲ ਮੰਨ ਲਏ ਹਨ ਪਰ ਜਿਸ ਢੰਗ ਨਾਲ ਮਨਬੀਰ ਸਿੰਘ ਮੰਨਿਆ ਹੈ ਪੁਲਸ ਤਰਸੇਮ ਸਿੰਘ ਨੂੰ ਨਹੀਂ ਮਨਾ ਸਕੀ। ਕੋਹਾੜ ਦੀ ਪੁੱਛ-ਪੜਤਾਲ ਨਾਲ ਸਬੰਧਤ ਇਕ ਪੁਲਸ ਕਰਮਚਾਰੀ ਨੇ ਕਿਹਾ ਕਿ ਕੋਹਾੜ ਮੁਸ਼ਕਲ ਪੇਸ਼ ਕਰ ਰਿਹਾ ਹੈ। ਮਨਬੀਰ ਸਿੰਘ ਜਿਥੇ ਪਲੈਨਿੰਗ ਕਰਦਾ ਸੀ, ਉਥੇ ਤਰਸੇਮ ਸਿੰਘ ਕੋਹਾੜ ਨੇ ਆਪ ਕਤਲ ਕੀਤੇ ਹਨ। ਕੋਹਾੜ ਨੇ ਪੁਲਸ ਕੋਲ ਮੰਨਿਆ “ਅਸੀਂ ਦੋ ਸਟੇਨਗੰਨਾਂ, ਤਿੰਨ ਰੀਵਾਲਵਰ, ਇਕ .455 ਬੋਰ ਦਾ ਰੀਵਾਲਵਰ ਅਤੇ ਇਕ ਪਿਸਤੌਲ ਤੇ ਬਾਰੂਦ ਵਰਿਆਮ ਸਿੰਘ ਨੂੰ ਦਿਤੇ ਅਤੇ ਮੁਕਤਸਰ ਬੈਂਸ ਵਿਚ ਕਤਲ ਕੀਤੇ। ਦੂਜੇ ਫਰੀਦਕੋਟ ਜ਼ਿਲੇ ਦਾ ਰਮਨ ਸਿੰਘ ਤੇ ਗੁਰਜੰਤ ਸਿੰਘ ਸਨ। ਬਲਜੀਤ ਸਿੰਘ ਅਤੇ ਹਰਜਿੰਦਰ ਸਿੰਘ ਜਿੰਦਾ ਧਾਰੀਵਾਲ ਤੋਂ ਸਨ।”

ਉਪਰੋਕਤ ਦੋਵਾਂ ਦਹਿਸ਼ਤਪਸੰਦਾਂ ਦੇ ਕਮਾਂਡਰਾਂ ਦੀ ਗ੍ਰਿਫਤਾਰੀ ਨਾਲ 183 ਥਾਵਾਂ ਉਤੇ ਛਾਪੇ ਮਾਰੇ ਗਏ ਹਨ ਜਿਨ੍ਹਾਂ ਵਿਚ ਅੰਮ੍ਰਿਤਸਰ ਤੇ ਲੁਧਿਆਣਾ ਦੇ ਚਾਰ ਵੱਡੇ ਗੁਰਦੁਆਰੇ ਵੀ ਸ਼ਾਮਲ ਹਨ। ਰੀਬੈਰੋ ਦੀ ‘ਬੀ’ ਲਿਸਟ ਵਿਚ ਸ਼ਾਮਲ 44 ਦਹਿਸ਼ਤਪਸੰਦ ਤੇ 70 ਹੋਰ ਸ਼ੱਕੀ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਹਥਿਆਰ ਵੀ ਕਾਫੀ ਮਾਤਰਾ ਵਿਚ ਫੜੇ ਗਏ ਜਿਨ੍ਹਾਂ ਵਿਚ ਦੋ ਐਲ. ਐਮ. ਜੀ., ਅੱਠ ਸਟੇਨਗੰਨਾਂ, 14 ਪਿਸਤੌਲ, 29 ਰੀਵਾਲਵਰ, ਛੇ ਮੈਗਜ਼ੀਨ ਅਤੇ 1062 ਕਾਰਤੂਸ ਸ਼ਾਮਲ ਹਨ। ਦਿਲਚਸਪ ਗੱਲ ਇਹ ਹੈ ਕਿ ਫੜੇ ਗਏ ਹਥਿਆਰਾਂ ਉਤੇ ਭਾਰਤੀ ਆਰਡੀਨੈਂਸ ਫੈਕਟਰੀਆਂ ਦੇ ਨਿਸ਼ਾਨ ਹਨ।

ਪਾਕਿਸਤਾਨ ਤੋਂ ਪਰਤੇ ਯੁਵਕਾਂ ਦਾ ਇਕਬਾਲ

ਪੁਲਸ ਨੂੰ ਬਹੁਤੀ ਹੈਰਾਨੀ ਤੇ ਪਰੇਸ਼ਾਨੀ ਉਨ੍ਹਾਂ 160 ਯੁਵਕਾਂ ਤੋਂ ਹੋਈ ਹੈ ਜੋ ਪਿਛਲੇ ਦੋ ਮਹੀਨਿਆਂ ਵਿਚ ਪਾਕਿਸਤਾਨ ਤੋਂ ਪਰਤੇ ਹਨ ਅਤੇ ਜਿਨ੍ਹਾਂ ਨੇ ਆਉਂਦਿਆਂ ਹੀ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿਤਾ। ਉਤੋਂ ਦੇਖਿਆ, ਕਹਾਣੀ ਬੜੀ ਸਰਲ ਲਗਦੀ ਹੈ। ਵੁਡਰੋਜ਼ ਉਪਰੇਸ਼ਨ ਸਮੇਂ ਭਾਰੀ ਗਿਣਤੀ ਵਿਚ ਸਿਖ ਨੌਜਵਾਨ ਫੌਜ ਤੋਂ ਡਰਦੇ ਪਾਕਿਸਤਾਨ ਜਾ ਵੜੇ ਸਨ। 500 ਸਿੱਖ ਨੌਜਵਾਨ ਫੈਸਲਾਬਾਦ ਜੇਲ੍ਹ ਵਿਚ ਪਹੁੰਚਾਏ ਗਏ ਜਿਥੇ ਕੰਵਰ ਸਿੰਘ, ਅਮਰੀਕ ਸਿੰਘ, ਅਤਿੰਦਰਪਾਲ ਸਿੰਘ ਅਤੇ ਜੱਥਾ ਭਿੰਡਰਾਂ ਦਾ ਅਜਾਇਬ ਸਿੰਘ ਆਦਿ ਨੇ ਇਨ੍ਹਾਂ ਨੌਜਵਾਨਾਂ ਨੂੰ ਉਕਸਾਇਆ ਕਿ ਉਹ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਦਾ ਬਦਲਾ ਲੈਣ। ਉਨ੍ਹਾਂ ਨੂੰ ਭੰਨਤੋੜ ਕਰਨ ਦੀ ਟਰੇਨਿੰਗ ਦਿਤੀ ਗਈ। ਜਦੋਂ ਕਿ ਚੰਗੀ ਟਰੇਨਿੰਗ ਪ੍ਰਾਪਤ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦਿਤੀ ਗਈ ਅਤੇ ਬਹੁਤਿਆਂ ਨੂੰ ਨਿਕੰਮੇ ਹੀ ਸਮਝਿਆ ਗਿਆ। ਜਿਹੜੇ ਇਹ ਕੰਮ ਕਰਨ ਲਈ ਤਿਆਰ ਨਾ ਹੋਏ ਉਨ੍ਹਾਂ ਨੂੰ ਕੁਟਾਪਾ ਵੀ ਚਾੜ੍ਹਿਆ ਜਾਂਦਾ ਰਿਹਾ ਅਤੇ ਤਸੀਹੇ ਵੀ ਦਿਤੇ ਜਾਂਦੇ ਰਹੇ। 22 ਨਵੰਬਰ 1985 ਨੂੰ ਇਨ੍ਹਾਂ ਨੌਜਵਾਨਾਂ ਨੇ ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ ਵੀ ਕੀਤੀ ਜਿਸਦੇ ਫਲਸਰੂਪ ਇਕ ਨੌਜਵਾਨ ਮਾਰਿਆ ਵੀ ਗਿਆ। ਮਈ ਦੇ ਅੱਧ ਤੋਂ ਪਿਛੋਂ ਪਾਕਿਸਤਾਨੀ ਅਧਿਕਾਰੀ ਇਨ੍ਹਾਂ ਨੂੰ ਸਰਹੱਦ ਟੱਪਣ ਲਈ ਮਜ਼ਬੂਰ ਕਰਨ ਲੱਗੇ ਅਤੇ ਕਈਆਂ ਨੂੰ ਕਿਹਾ ਗਿਆ ਕਿ ਸਮਾਂ ਆਉਣ ਉਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ।

ਸੈਂਕੜੇ ਘੰਟੇ ਇਨ੍ਹਾਂ ਨੌਜਵਾਨਾਂ ਦੀ ਪੁਛਗਿਛ ਹੁੰਦੀ ਰਹੀ ਹੈ ਜਿਸ ਵਿਚ ਖੁਫੀਆ ਏਜੰਸੀਆਂ ਸ਼ਾਮਲ ਰਹੀਆਂ ਹਨ ਪਰ ਬਹੁਤੇ ਸਵਾਲਾਂ ਦੇ ਜਵਾਬ ਨਹੀਂ ਮਿਲ ਰਹੇ। ਜਿਵੇਂ ਪਾਕਿਸਤਾਨ ਨੇ ਅਚਾਨਕ ਹੀ ਇਹ ਫੈਸਲਾ ਕਿਵੇਂ ਕਰ ਲਿਆ ਕਿ ਇਨ੍ਹਾਂ ਨੌਜਵਾਨਾਂ ਨੂੰ ਸਰਹੱਦ ਟਪਾ ਦਿਤਾ ਜਾਵੇ? ਕਿਉਂਕਿ ਇਨ੍ਹਾਂ ਨੌਜਵਾਨਾਂ ਨੇ ਕੋਈ ਜੁਰਮ ਨਹੀਂ ਕੀਤਾ ਤੇ ਨਾ ਹੀ ਇਨ੍ਹਾਂ ਦੀ ਗ੍ਰਿਫਤਾਰੀ ਕੀਤੀ ਗਈ ਹੈ — ਪੁਲਸ ਇਸ ਸੋਚ ਵਿਚ ਹੈ ਕਿ ਕਿਤੇ ਇਹ ਨੌਜਵਾਨਾਂ ਨੂੰ ਮੁੜ ਕਿਸੇ ਕੰਮ ਲਈ ਤਾਂ ਨਹੀਂ ਵਰਤਿਆ ਜਾਵੇਗਾ? ਇਨ੍ਹਾਂ ਨੌਜਵਾਨਾਂ ਨੂੰ ਹਥਿਆਰ ਅਤੇ ਪੈਸਾ ਦੇਣ ਦੇ ਬਾਵਜੂਦ ਵੀ ਇਹ ਆਤਮ-ਸਮਰਪਣ ਕਿਉਂ ਕਰ ਗਏ? ਕੀ ਪੁਲਸ ਇਹ ਵਿਸ਼ਵਾਸ਼ ਕਰ ਲਵੇ ਕਿ ਉਹ ਸਾਧਾਰਨ ਜੀਵਨ ਬਸਰ ਕਰਨ ਦੇ ਉਤਸੁਕ ਹਨ?

ਇਨ੍ਹਾਂ ਵਿਚੋਂ ਬਹੁਤੇ ਨੌਜਵਾਨ ਚੰਡੀਗੜ੍ਹ ਦੇ ਚੱਕਰ ਲਾਉਂਦੇ ਮਿਲਦੇ ਹਨ ਜੋ ਜਾਂ ਤਾਂ ਕੰਮਾਂ ਦੀ ਭਾਲ ਕਰ ਰਹੇ ਹਨ ਜਾਂ ਸਰਕਾਰੀ ਕਰਜ਼ਿਆਂ ਦੀ ਮੰਗ ਕਰ ਰਹੇ ਹਨ ਤਾਂ ਕਿ ਉਹ ਆਪਣੇ ਕੰਮ ਚਲਾ ਸਕਣ। ਪਿਛਲੇ ਹਫਤਿਆਂ ਵਿਚ ਦੋ ਦਰਜਨ ਦੇ ਲਗਪਗ ਨੌਜਵਾਨ ਬਰਨਾਲਾ ਨੂੰ ਮੁੜ ਮੁੜ ਮਿਲ ਰਹੇ ਹਨ। ਇਥੋਂ ਤੱਕ ਕਿ ਸੰਤ ਲੌਂਗੋਵਾਲ ਦੀ ਬਰਸੀ ਸਮੇਂ ਉਹ ਲੌਂਗੋਵਾਲ ਪਿੰਡ ਵੀ ਪਹੁੰਚੇ ਗੁਰਦਾਸਪੁਰ ਜ਼ਿਲੇ ਦੇ ਪੁਲਸ ਮੁਖੀ ਜੇ. ਪੀ. ਵਿਰਦੀ ਦਾ ਕਹਿਣਾ ਹੈ ਕਿ ਉਸ ਨੇ ਮੁਖ ਮੰਤਰੀ ਨੂੰ ਕਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦਿਤੀ ਜਾਵੇ। ਵਿਰਦੀ ਨੇ ਇਹ ਵੀ ਕਿਹਾ ਕਿ ‘ਜੇ ਇਨ੍ਹਾਂ ਨੌਜਵਾਨਾਂ ਨੂੰ ਕੰਮਾਂ ਉਤੇ ਨਾ ਲਾਇਆ ਗਿਆ ਤਾਂ ਇਹ ਮੁੜ ਦਹਿਸ਼ਤਪਸੰਦਾਂ ਦੇ ਹੱਥਾਂ ਵਿਚ ਵੀ ਖੇਲ ਸਕਦੇ ਹਨ।’ ਮੁੱਖ ਮੰਤਰੀ ਬਰਨਾਲਾ ਦਾ ਕਹਿਣਾ ਹੈ ਕਿ ‘ਮੈਂ ਤਾਂ ਜਲਦੀ ਹੀ ਇਨ੍ਹਾਂ ਦੀ ਮੱਦਦ ਕਰਨਾ ਚਾਹੁੰਦਾ ਹਾਂ।’ ਪਰ ਆਖਰੀ ਫੈਸਲਾ ਅਜੇ ਵੀ ਉਡੀਕਿਆ ਜਾ ਰਿਹਾ ਹੈ।

ਗੁਰਸ਼ਰਨ ਸਿੰਘ ਦੀ

ਪੰਜਾਬ ਮਸਲੇ ਬਾਰੇ ਇਕ ਇੰਟਰਵੀਊ

? ਅਸੀਂ ਤੁਹਾਡੇ ਬਾਰੇ ਤੁਹਾਡੇ ਨਾਟਕਾਂ ਬਾਰੇ ਦਿੱਲੀ ਤੇ ਚੰਡੀਗੜ੍ਹ ਬਹੁਤ ਕੁਝ ਸੁਣਿਆ ਹੈ, ਪੰਜਾਬ ਦੇ ਮਸਲੇ ਬਾਰੇ ਤੁਹਾਡੇ ਕੋਲੋਂ ਕੁਝ ਸੁਣਨਾ ਚਾਹਾਂਗੇ?

— ਮੈਂ ਆਪਣੀ ਗੱਲ ਇਸ ਪੁਜ਼ੀਸ਼ਨ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਹਿੰਦੂਆਂ ਨੂੰ ਉਸੇ ਤਰ੍ਹਾਂ ਜੀਣ ਦਾ ਹੱਕ ਹੈ, ਜਿਸ ਤਰ੍ਹਾਂ ਬਾਕੀ ਦੇਸ਼ ਵਿਚ ਸਿੱਖਾਂ ਨੂੰ ਹੋਣਾ ਚਾਹੀਦਾ ਹੈ। ਸਿੱਖਾਂ ਦੀ ਹਿਸਟਰੀ ਪੰਜਾਬ ਵਿਚ 500 ਸਾਲ ਪੁਰਾਣੀ ਹੈ ਤਾਂ ਹਿੰਦੂਆਂ ਦੀ ਹਜ਼ਾਰਾਂ ਸਾਲ ਪੁਰਾਣੀ ਹੈ, ਪੰਜਾਬ ਹਿੰਦੂਆਂ ਦੀ ਵੀ ਉਸੇ ਤਰ੍ਹਾਂ ਜਨਮ ਭੂਮੀ ਹੈ, ਜਿਸ ਤਰ੍ਹਾਂ ਸਿੱਖਾਂ ਦੀ ਹੈ। ਇਸ ਤਰ੍ਹਾਂ ਸਮੁੱਚੇ ਦੇਸ਼ ਤੇ ਸਿੱਖਾਂ ਦਾ ਪੂਰਾ ਹੱਕ ਹੈ। ਉਹਨਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿਤੀਆਂ। ਇਹਦੀ ਆਰਥਕਤਾ ਉਤੇ ਚੁਕਣ ਵਿਚ ਪੂਰਾ ਹਿਸਾ ਪਾਇਆ। ਸੋ ਜੋ ਵੀ ਲਹਿਰਾਂ ਜਿਹੜੀਆਂ ਹਿੰਦੂਆਂ ਕੋਲੋਂ ਪੰਜਾਬ ਵਿਚ ਅਤੇ ਸਿੱਖਾਂ ਕੋਲੋਂ ਬਾਕੀ ਹਿੰਦੋਸਤਾਨ ਵਿਚ ਜੀਣ ਦਾ ਹੱਕ ਖੋਹਦੀਆਂ ਹਨ, ਉਹ ਲਹਿਰਾਂ ਗਲਤ ਹਨ। ਉਹਨਾਂ ਦਾ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ ਅਤੇ ਇਲਜ਼ਾਮ ਦੀ ਉਂਗਲ ਸਪੱਸ਼ਟ ਤੌਰ ਤੇ ਦੋਸ਼ੀਆਂ ਉਤੇ ਰੱਖਣੀ ਚਾਹੀਦੀ ਹੈ।

? ਪੰਜਾਬ ਸੰਕਟ ਦੀ ਜੜ੍ਹ ਤੁਸੀਂ ਕਿਥੇ ਦੇਖਦੇ ਹੋ ?

— ਸੰਕਟ ਦੇ ਆਰਥਕ ਕਾਰਨ ਤਾਂ ਉਹੀ ਹਨ, ਜੋ ਬਾਕੀ ਦੇਸ਼ ਵਿਚ ਹਨ। ਬੇਰੁਜ਼ਗਾਰੀ ਹੈ, ਭ੍ਰਿਸ਼ਟ ਸਰਕਾਰੀ ਪ੍ਰਬੰਧ ਹੈ, ਅਮੀਰ ਗਰੀਬ ਦਾ ਵੱਧ ਰਿਹਾ ਪਾੜਾ ਹੈ ਅਤੇ ਭ੍ਰਿਸ਼ਟ ਸਿਆਸਤ ਹੈ ਪਰ ਪੰਜਾਬ ਦੇ ਮੌਜੂਦਾ ਸੰਕਟ ਦਾ ਵੱਡਾ ਕਾਰਨ ਧਾਰਮਿਕ ਮੂਲਵਾਦੀ ਕਦਰਾਂ ਕੀਮਤਾਂ ਦਾ ਪੁਨਰ ਜਨਮ ਅਤੇ ਉਹਨਾਂ ਦੀ ਸਿਆਸੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਹੈ। ਇਹ ਮੂਲਵਾਦ ਅਤੇ ਧਾਰਮਕ ਪੁਨਰ ਜਨਮ ਦਾ ਅਮਲ ਸੰਸਾਰ ਦੀ ਸਿਆਸੀ ਜੋੜਤੋੜ ਦੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ ਅਤੇ ਭਾਰਤ ਅਤੇ ਪੰਜਾਬ ਦੇ ਪ੍ਰਸੰਗ ਵਿਚ ਵੀ ਇਹਦਾ ਮਾਰੂ ਅਸਰ ਵੇਖਿਆ ਜਾ ਸਕਦਾ ਹੈ। ਪੰਜਾਬ ਵਿਚ ਇਸਦੀ ਜ਼ਿੰਮੇਵਾਰੀ ਮੂਲਵਾਦੀਆਂ ਦੇ ਨਾਲ ਨਾਲ ਮੁਖ ਤੌਰ ਤੇ ਕਾਂਗਰਸੀ ਹਾਕਮਾਂ ਉਤੇ ਪੈਂਦੀ ਹੈ, ਇਸਦੀ ਵਿਆਖਿਆ ਮੈਂ ਅੱਗੇ ਜਾ ਕੇ ਕਰਾਂਗਾ। ਸੰਸਾਰ ਅਮਲ ਦੇ ਤੌਰ ਤੇ ਪਾਕਿਸਤਾਨ ਵਿਚ ਇਸਲਾਮੀ ਰਾਜ ਅਤੇ ਇਰਾਨ ਵਿਚ ਖੁਮਿਆਨੀ ਦਾ ਉਪਰ ਆਉਣਾ ਹੈ। ਇਹ ਅਮਲ ਧਾਰਮਿਕ ਅਕੀਦਿਆਂ ਨੂੰ ਕਮਿਊਨਿਸਟ ਵਿਚਾਰਧਾਰਾ ਦੇ ਵਿਰੋਧ ਖੜੇ ਕਰਨ ਦਾ ਹੈ, ਜਿਸ ਵਿਚ ਅਮਰੀਕਾ ਮੁਖ ਤੌਰ ਤੇ ਦਿਲਚਸਪੀ ਰਖਦਾ ਹੈ। ਪੰਜਾਬ ਵਿਚ ਇਸ ਅੰਤਰਰਾਸ਼ਟਰੀ ਅਮਲ ਦਾ ਪ੍ਰਗਟਾਵਾ ਉਸ ਵੇਲੇ ਹੋਇਆ ਜਦੋਂ ਅਮਰੀਕਨ ਸਿੱਖ ਇਥੇ ਆਉਣੇ ਸ਼ੁਰੂ ਹੋਏ। ਉਸ ਵੇਲੇ ਤਾਂ ਬਹੁਤਾ ਪਤਾ ਨਾ ਲੱਗਾ ਪਰ ਹੁਣ ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਇਕ ਗਿਣੀ ਮਿਥੀ ਚਾਲ ਨਾਲ ਇਥੇ ਭੇਜੇ ਗਏ ਸਨ। ਉਹਨਾਂ ਦਾ ਮੁਖ ਮੰਤਵ ਪੰਜਾਬ ਵਿਚ ਸਿੱਖੀ ਧਾਰਮਿਕ ਸ਼ਾਵਨਵਾਦ ਦੇ ਬੀਜ ਸੁਟਣਾ ਸੀ। ਅਮਰੀਕੀ ਸਿੱਖ ਇਥੇ ਆਏ ਤਾਂ ਸਿੱਖ ਕੱਟੜਵਾਦੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਸਿੱਖ ਧਰਮ ਇਕ ਬੜਾ ਹੀ ਆਧੁਨਿਕ ਧਰਮ ਹੈ ਅਤੇ ਅਮਰੀਕਾ ਵਰਗੇ ਸਾਰਿਆਂ ਨਾਲੋਂ ਤਰੱਕੀਯਾਫਤਾ ਦੇਸ਼ ਦੇ ਲੋਕ ਵੀ ਸਿੱਖੀ ਵੱਲ ਵਧ ਰਹੇ ਹਨ। ਮੇਰੇ ਵੱਡੇ ਭਾਈ ਸਾਹਿਬ ਜੋ ਨਿਊਯਾਰਕ ਰਹਿੰਦੇ ਹਨ, ਉਹਨਾਂ ਨੇ ਮੈਨੂੰ 1972 ਵਿਚ ਲਿਖਿਆ ਅਤੇ ਇਕ ਚਿੱਠੀ ਸੈਕਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲ ਵੀ ਲਿਖੀ ਕਿ ਜਿਹੜੇ ਅਮਰੀਕਨ ਸਿੱਖ ਅੰਮ੍ਰਿਤਸਰ ਦਰਬਾਰ ਸਾਹਿਬ ਆ ਰਹੇ ਹਨ, ਇਹ ਜੋਗੀ ਹਰਭਜਨ ਸਿੰਘ ਦੇ ਸਿਖਾਏ ਹੋਏ ਹਨ। ਇਹ ਸਿੱਖੀ ਨਾਲੋਂ ਤਾਂਤਰਿਕ ਕੌਤਕਾਂ ਵਿਚ ਵੱਧ ਯਕੀਨ ਰੱਖਦੇ ਹਨ। ਇਹਨਾਂ ਵਿਚੋਂ ਬਹੁਤੇ ਅਮਰੀਕਨ ਸੁਸਾਇਟੀ ਦੇ ਛਾਂਗੇ ਹੋਏ ਲੋਕ ਹਨ, ਜੋ ਪਹਿਲੇ ਹਿੱਪੀ ਬਣੇ ਸਨ ਤੇ ਹੁਣ ਜੋਗੀ ਹਰਭਜਨ ਸਿੰਘ ਉਹਨਾਂ ਨੂੰ ਕੁਝ ਲਾਲਚ ਦੇ ਕੇ ਸਿੱਖੀ ਵੱਲ ਮੋੜ ਲਿਆਇਆ ਹੈ। ਇਹ ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ ਆਏ ਤਾਂ ਸਵੇਰੇ ਇਕ ਵਜੇ ਜਾਗ ਜਾਂਦੇ ਸਨ। ਹਰਿਮੰਦਰ ਸਾਹਿਬ ਦੀ ਰੋਜ਼ਾਨਾ ਰੁਟੀਨ ਵਿਚ ਉਚੀ ਉਚੀ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹਿਸਾ ਲੈਂਦੇ ਸਨ ਤੇ ਫੇਰ ਸਵੇਰੇ 4 ਵਜੇ ਆਪਣਿਆਂ ਕਮਰਿਆਂ ਵਿਚ ਮੁੜ ਜਾਂਦੇ ਸਨ ਤੇ ਦੁਪਹਿਰ ਦੋ ਵਜੇ ਤੱਕ ਸੁੱਤੇ ਰਹਿੰਦੇ ਸਨ। ਸਿੱਖ ਧਾਰਮਿਕ ਅਕੀਦੇ ਵਿਚ ਅੰਮ੍ਰਿਤ ਵੇਲੇ ਉਠਣ ਦੀ ਬੜੀ ਮਹੱਤਤਾ ਹੈ। ਇਸ ਮਹੱਤਤਾ ਬਾਰੇ ਇਹਨਾਂ ਨੂੰ ਪੂਰੀ ਤਰ੍ਹਾਂ ਸਮਝਾਇਆ ਅਤੇ ਸਿਖਾਇਆ ਗਿਆ ਸੀ। ਸਾਧਾਰਨ ਸਿੱਖਾਂ ਉਤੇ ਪ੍ਰਭਾਵ ਪਾਉਣ ਦੀ ਖਾਤਿਰ ਅੰਮ੍ਰਿਤ ਵੇਲੇ ਤਾਂ ਇਹ ਉਠ ਪੈਂਦੇ ਸਨ ਪਰ ਫੇਰ ਦੁਪਹਿਰ ਤੱਕ ਸੌਂਦੇ ਸਨ। ਕੋਈ ਕੰਮ ਇਹਨਾਂ ਨੂੰ ਹੋਰ ਨਹੀਂ ਸੀ। ਸ਼ਾਹੀ ਮਹਿਮਾਨ ਸਨ। ਪਰ ਇਹਨਾਂ ਨੇ ਆਪਣਾ ਪ੍ਰਾਜੈਕਟ ਸਫਲਤਾ ਨਾਲ ਪੂਰਾ ਕਰ ਲਿਆ। ਲੰਮੇ ਲੰਮੇ ਚੋਲੇ, ਚਿੱਟੇ ਦੁੱਧ ਵਸਤਰ, ਖੁਲ੍ਹੀਆਂ ਦਾੜ੍ਹੀਆਂ ਇਹਨਾਂ ਨੇ ਆਪਣੀ ਸ਼ਖਸੀਅਤਾਂ ਦਾ ਪੂਰਾ ਰੁਅਬ ਪੰਜਾਬ ਦੇ ਨੌਜਵਾਨਾਂ ਵਿਚ ਬਣਾਇਆ। ਲੋਕ ਕਹਿਣ ਲੱਗ ਪਏ ਕਿ ਸਿੱਖੀ ਪੰਜਾਬ ਵਿਚ ਤਾਂ ਖਤਮ ਹੋ ਗਈ ਹੈ, ਪਰ ਅਸਲੀ ਹੁਣ ਅਮਰੀਕਾ ਵਿਚ ਪਲ ਰਹੀ ਹੈ। ਇਸ ਤਰ੍ਹਾਂ ਸਿੱਖ ਸ਼ਾਵਨਵਾਦ ਦੇ ਬੀਜ ਸੁੱਟੇ ਗਏ।



ਹੁਣ ਜੇਕਰ ਪੁਛਿਆ ਜਾਏ ਕਿ ਕਿਥੇ ਗਏ ਉਹ ਸਾਰੇ ਅਮਰੀਕਨ ਸਿੱਖ ਤਾਂ ਇਕ ਰਫੇਲ ਸਿੰਘ ਬਾਝੋਂ ਹੋਰ ਕੋਈ ਨਹੀਂ ਲੱਭੇਗਾ। ਅਮਰੀਕਾ ਵਿਚ ਜਿਹੜੇ ਪ੍ਰਾਜੈਕਟ ਬਣਾਏ ਜਾਂਦੇ ਹਨ, ਉਹ ਕੰਪਿਊਟਰ ਦੇ ਮਾਡਲਾਂ ਨਾਲ ਬਣਾਏ ਜਾਂਦੇ ਹਨ। ਉਹਨਾਂ ਦੇ ਨਤੀਜੇ ਪੰਦਰਾਂ ਵੀਹ ਸਾਲਾਂ ਬਾਅਦ ਨਿਕਲਦੇ ਹਨ। ਉਹੀ ਨਤੀਜੇ ਅਸੀਂ ਅੱਜ ਭੋਗ ਰਹੇ ਹਾਂ। ਪੰਜਾਬ ਵਿਚ ਧਾਰਮਿਕ ਮੂਲਵਾਦ ਨੂੰ ਪੱਠੇ ਪਾਉਣ ਵਾਲਾ ਇਹ ਇਕ ਫੈਕਟਰ ਹੈ।

? ਦੂਜਾ ਫੈਕਟਰ ਕੀ ਹੈ ?

— ਦੂਜਾ ਫੈਕਟਰ 1971 ਤੋਂ ਲੈ ਕੇ 1976 ਤੱਕ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਦੀ ਕਾਂਗਰਸੀ ਹਕੂਮਤ ਹੈ। 1971 ਦੀਆਂ ਚੋਣਾਂ ਤੋਂ ਬਾਅਦ ਪੰਜਾਬ ਵਿਚ ਜਦੋਂ ਗਿਆਨੀ ਜ਼ੈਲ ਸਿੰਘ ਮੁਖ ਮੰਤਰੀ ਬਣਿਆ ਤਾਂ ਉਹਨੇ ਸੋਚਿਆ ਕਿ ਪੰਜਾਬ 'ਚ ਕਾਂਗਰਸ ਨੂੰ ਚੈਲਿੰਜ ਕਰਨ ਵਾਲੀ ਇਕੋ ਇਕ ਤਾਕਤ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਅਕਾਲੀਆਂ ਦੀ ਸਿਆਸਤ ਦਾ ਆਧਾਰ ਧਰਮ ਉਤੇ ਹੈ। ਕਿਉਂ ਨਾ ਅਕਾਲੀਆਂ ਨਾਲ ਮੁਕਾਬਲਾ ਉਹਨਾਂ ਦੇ ਆਧਾਰ ਤੇ ਹੀ ਖਲੋ ਕੇ ਕੀਤਾ ਜਾਏ। ਇਹਦੇ ਲਈ ਉਹ ਵੱਖ ਵੱਖ ਬਾਬਿਆਂ ਦੇ ਡੇਰੇ ਗਿਆ। ਉਹਨਾਂ ਦੀ ਚਰਨ ਧੂੜ ਲੈਣ ਦਾ ਪਖੰਡ ਕੀਤਾ। ਉਹਨਾਂ ਦੇ ਡੇਰਿਆਂ ਵਿਚ ਸਰਕਾਰੀ ਸਹੂਲਤਾਂ ਦਿਤੀਆਂ ਅਤੇ ਨਾਲ ਇਹ ਵੀ ਆਖਿਆ ਕਿ ਉਹ ਪਬਲਿਕ ਲਾਈਫ ਵਿਚ ਆਉਣ ਕਿਉਂਕਿ ਦੋਸ਼ਟ ਅਕਾਲੀਆਂ ਨੇ ਸਿੱਖੀ ਦਾ ਬੇੜਾ ਡੋਬ ਦਿਤਾ ਹੋਇਆ ਹੈ। ਨੌਜਵਾਨ ਦਾੜ੍ਹੀਆਂ ਛਿੱਲ ਰਹੇ ਹਨ। ਥਲਿਉਂ ਸਿਰ ਮੁੰਨਾ ਕੇ ਉਤੇ ਪੱਗ ਬੰਨਦੇ ਹਨ। ਇਹ ਅੱਧਅਕਲੇ ਜਿਹੇ ਬਾਬੇ ਜਿਨ੍ਹਾਂ ਦੀ ਸਿਆਸੀ ਜਾਣਕਾਰੀ ਸਿਫਰ ਦੇ ਬਰਾਬਰ ਹੈ, ਛੂਕ ਛੱਕ ਗਏ। ਉਹ ਸਿੱਖੀ ਦੇ ਝੰਡਾ ਬਰਦਾਰ ਬਣ ਗਏ। ਇਹਦਾ ਪਹਿਲਾ ਵਿਖਾਵਾ ਉਸ ਵੇਲੇ ਹੋਇਆ ਜਦੋਂ 1974 ਵਿਚ ਇਹਨਾਂ ਨੇ ਡਾਕਟਰ ਫੌਜਾ ਸਿੰਘ ਦੀਆਂ ਇਤਿਹਾਸ ਬਾਰੇ ਖੋਜਾਂ ਨੂੰ ਅਪਰਾਧ ਆਖ ਕੇ ਉਸਨੂੰ ਸੋਧਨ ਦਾ ਬੀੜਾ ਚੁਕ ਲਿਆ ਤੇ ਕਾਫੀ ਹੱਦ ਤੱਕ ਸਿੱਖ ਬੁਧੀਜੀਵਾਂ ਨੂੰ ਡਰਾਉਣ ਵਿਚ ਕਾਮਯਾਬ ਹੋਏ। ਇਹਨਾਂ ਦੇ ਚੇਲੇ ਚਾਪੜਿਆਂ ਨੇ ਬੱਸਾਂ ਦੀਆਂ ਛੱਤਾਂ ਉਤੇ ਬਗੈਰ ਟਿਕਟ ਸਫਰ ਕਰਨਾ ਸ਼ੁਰੂ ਕਰ ਦਿੱਤਾ। ਰੇਲ ਗੱਡੀਆਂ ਵਿਚ ਘੋੜੇ ਚੜ੍ਹਾਂ ਕੇ ਲੈ ਜਾਣ ਲੱਗ ਪਏ। ਅੱਧਅਕਲੇ ਜਿਹੇ ਬੰਦਿਆਂ ਨੇ ਪੰਜਾਬ ਨੂੰ ਡਰਾਉਣਾ ਧਮਕਾਣਾ ਸ਼ੁਰੂ ਕਰ ਦਿੱਤਾ। ਗੁਰੂ ਕੀ ਲਾਡਲੀ ਫੌਜ ਬੜੇ ਜਲਾਲ ਨਾਲ ਪਬਲਿਕ ਲਾਈਫ ਵਿਚ ਆ ਗਈ। ਗਿਆਨੀ ਜ਼ੈਲ ਸਿੰਘ ਨੇ ਇਕ ਪਾਸੇ ਗੋਬਿੰਦ ਮਾਰਗ ਸਿੱਖਾਂ ਨੂੰ ਖੁਸ਼ ਕਰਨ ਵਾਸਤੇ ਤੇ ਦੂਜੇ ਪਾਸੇ ਹਿੰਦੂ ਸ਼ਾਵਨਵਾਦੀਆਂ ਨੂੰ ਖੁਸ਼ ਕਰਨ ਲਈ ਸਰਕਾਰੀ ਖਰਚ ਤੇ ਰਾਮ ਤੀਰਥ ਮੰਦਰ ਦੀਆਂ ਮੁਰੰਮਤਾਂ ਕਰਵਾਈਆਂ। ਮੂਲਵਾਦ ਇਸ ਤਰ੍ਹਾਂ ਪਲਪਨਾ ਸ਼ੁਰੂ ਹੋਇਆ। ਇਸ ਲਈ ਬੜੇ ਜ਼ੋਰ ਨਾਲ ਕਿਹਾ ਜਾ ਸਕਦਾ ਹੈ ਕਿ ਧਾਰਮਿਕ ਮੂਲਵਾਦ ਨੂੰ ਵਧਾਉਣ ਵਿਚ ਕਾਂਗਰਸ ਹਕੂਮਤ ਦਾ ਹੱਥ ਹੈ। ਦੂਜੇ ਸੂਬਿਆਂ ਵਿਚ ਵੀ ਹਿੰਦੂ ਮੂਲਵਾਦ ਨੂੰ ਵਧਾਉਣ ਵਿਚ ਕਾਂਗਰਸ ਦਾ ਇਹ ਹੱਥ ਵੇਖਿਆ ਜਾ ਸਕਦਾ ਹੈ। 1977 ਤੋਂ ਬਾਅਦ ਜਦੋਂ ਪੰਜਾਬ ਵਿਚ ਅਕਾਲੀ ਜੰਤਾ ਰਾਜ ਸੀ ਤਾਂ 'ਦਲ ਖਾਲਸਾ' ਵਰਗੀਆਂ ਸੰਸਥਾਵਾਂ ਨੂੰ ਖੜਾ ਕਰਨ ਵਿਚ ਗਿਆਨੀ ਜ਼ੈਲ ਸਿੰਘ ਦਾ ਹੱਥ ਹੁਣ ਇਤਿਹਾਸਕ ਤੱਥ ਬਣਕੇ ਸਾਹਮਣੇ ਆ ਗਿਆ ਹੈ। ਇਕੱਲੇ ਪੰਜਾਬ ਵਿਚ ਨਹੀਂ, ਸਗੋਂ ਬਾਕੀ ਸੂਬਿਆਂ ਵਿਚ ਵੀ ਧਾਰਮਿਕ ਮੂਲਵਾਦੀਆਂ ਨੂੰ ਸ਼ਹਿ ਇਕ ਗਿਣੀ ਮਿਥੀ ਪਾਲਸੀ ਦੇ ਅਧੀਨ ਦਿਤੀ ਜਾਣ ਲੱਗ ਪਈ। ਇਹ ਅਮਲ ਇੰਦਰਾ ਗਾਂਧੀ ਦੀ ਸਿਆਸੀ ਨੀਤੀ ਦਾ ਇਕ ਅੰਗ ਬਣ ਗਿਆ। ਰਾਜੀਵ ਨੇ ਦਸੰਬਰ 1984 ਦੀਆਂ ਚੋਣਾਂ ਵਿਚ ਇਸ ਨੀਤੀ ਨੂੰ ਨੰਗੇ ਚਿੱਟੇ ਰੂਪ ਵਿਚ ਅਪਣਾਇਆ।

? ਕੀ ਤੁਸੀਂ ਇਹ ਮੂਲਵਾਦ ਫੈਲਾਉਣ ਲਈ ਜਾਂ ਫਿਰਕੂ ਪ੍ਰਚਾਰ ਲਈ ਅਕਾਲੀਆਂ ਨੂੰ ਬਰੀ ਸਮਝਦੇ ਹੋ

—ਨਹੀਂ, ਮੈਂ ਅਕਾਲੀਆਂ ਨੂੰ ਧਾਰਮਕ ਮੂਲਵਾਦ ਫੈਲਾਉਣ ਤੋਂ ਬਰੀ ਕਿਉਂ ਕਰਾਂਗਾ? ਉਹ ਬਰੀ ਹੋਣਾ ਵੀ ਨਹੀਂ ਚਾਹੁੰਦੇ। ਉਹ ਤਾਂ ਏਲਾਨੀਆਂ ਕਹਿੰਦੇ ਹਨ ਕਿ ਉਹਨਾਂ ਦੀ ਸਿਆਸਤ ਧਰਮ ਤੋਂ ਵੱਖ ਨਹੀਂ ਹੈ। ਕਾਂਗਰਸੀਆਂ ਉਤੇ ਉਂਗਲੀ ਤਾਂ ਰੱਖੀ ਜਾਂਦੀ ਹੈ ਕਿ ਉਹ ਉਤੋਂ ਧਰਮ ਨਿਰਪੇਖਤਾ ਦਾ ਲੇਬਲ ਲਗਾਂਦੇ ਹਨ ਪਰ ਵਿਚੋਂ ਵੋਟਾਂ ਦੀ ਖਾਤਿਰ ਪੂਰੀ ਤਰ੍ਹਾਂ ਧਾਰਮਕ ਸ਼ਾਵਨਵਾਦੀਆਂ ਨੂੰ ਸ਼ਹਿ ਦੇਂਦੇ ਹਨ। ਹਿੰਦੂ ਤੇ ਮੁਸਲਿਮ ਸ਼ਾਵਨਵਾਦ ਨੂੰ ਵੀ ਲੋੜ ਪੈਣ ਤੇ ਤੇ ਸਿੱਖ ਸ਼ਾਵਨਵਾਦ ਨੂੰ ਵੀ, ਇਸ ਲਈ ਪੰਜਾਬ ਦੀਆਂ ਜਮਹੂਰੀ ਤਾਕਤਾਂ ਨੂੰ ਜਾਂ ਉਹਨਾਂ ਲੋਕਾਂ ਨੂੰ ਸਹੀ ਅਰਥਾਂ ਵਿਚ ਧਰਮ ਨਿਰਪੇਖਤਾ ਵਿਚ ਯਕੀਨ ਰੱਖਦੇ ਹਨ, ਦੋਨਾਂ ਫਰੰਟਾਂ ਤੇ ਤੇ ਲੜਾਈ ਲੜਨੀ ਪਏਗੀ, ਅਕਾਲੀਆਂ ਦੇ ਵਿਰੁੱਧ ਧਰਮ ਦੇ ਨਾਂ ਤੇ ਕੁਟਲਨੀਤੀ ਚਲਾਉਣ ਲਈ ਅਤੇ ਕਾਂਗਰਸੀਆਂ ਵਿਰੁੱਧ ਧਰਮ ਨਿਰਪੇਖਤਾ ਦੇ ਨਾਂ ਤੇ ਦੰਭ ਕਰਨ ਲਈ।

? ਸੰਤ ਭਿੰਡਰਾਂਵਾਲੇ ਬਾਰੇ ਤੁਹਾਡਾ ਕੀ ਵਿਚਾਰ ਹੈ ?

— ਉਹ ਪੂਰੀ ਤਰ੍ਹਾਂ ਇਕ ਧਾਰਮਿਕ ਮੂਲਵਾਦੀ ਆਗੂ ਸੀ। 1978 ਵਿਚ ਜਦੋਂ ਉਹ ਪੰਜਾਬ ਦੀ ਪੁਲੀਟੀਕਲ ਸਟੇਜ ਤੇ ਆਇਆ ਤਾਂ ਉਹਦੀਆਂ ਤਕਰੀਰਾਂ ਅਤੇ ਢੰਗ ਤਰੀਕਿਆਂ ਤੋਂ ਮੈਂ ਇਹ ਪੇਸ਼ੀਨਗੋਈ ਕੀਤੀ ਸੀ (6 ਅਕਤੂਬਰ 1979 ਚੜਿਕ ਵਿਖੇ ਇਕ ਸਮਾਗਮ ਵਿਚ) ਕਿ ਇਹ ਸਖਸ਼ ਪੰਜਾਬ ਲਈ ਤਬਾਹੀ ਦਾ ਕਾਰਨ ਬਣੇਗਾ। ਇਹ ਸੱਚ ਸਾਬਤ ਹੋਇਆ ਹੈ ਭਾਵੇਂ ਇਸ ਤਬਾਹੀ ਦੀ ਜ਼ਿੰਮੇਂਵਾਰੀ ਵਿਚ ਹੁਣ ਮੈਂ ਇੰਦਰਾ ਗਾਂਧੀ ਨੂੰ ਵੀ ਸ਼ਾਮਿਲ ਕਰਨਾ ਹਾਂ ਤੇ ਸੰਤ ਲੌਂਗੋਵਾਲ ਨੂੰ ਵੀ। ਇੰਦਰਾ ਗਾਂਧੀ ਇਕ ਜ਼ਿੱਦੀ ਕਿਸਮ ਦੀ ਪ੍ਰਧਾਨ ਮੰਤਰੀ ਸੀ। ਉਹ ਇਸ ਦੇਸ਼ ਦਾ ਕਿੰਨਾ ਕੁ ਨੁਕਸਾਨ ਕਰ ਗਈ ਹੈ, ਇਹ ਤੇ ਆਉਣ ਵਾਲਾ ਇਤਿਹਾਸ ਹੀ ਦਸੇਗਾ। ਸੰਤ ਲੌਂਗੋਵਾਲ ਹਮੇਸ਼ਾ ਦੋ ਬੇੜੀਆਂ ਦਾ ਸਵਾਰ ਰਿਹਾ। ਇਕ ਸੰਤਪੁਣੇ ਦੀ ਬੇੜੀ ਅਤੇ ਇਕ ਰਾਜਨੀਤਕ ਬੇੜੀ। ਹਰ ਪੜਾਅ ਤੇ ਉਹਨੇ ਗਲਤ ਫੈਸਲੇ ਲਏ। ਜਿਤੇ ਹੋਏ ਮੋਰਚੇ ਹਾਰੇ। ਉਹਨੂੰ ਨਾ ਮੋਰਚਿਆਂ ਨੂੰ ਤੋੜ ਪੁਚਾਣਾ ਆਇਆ ਤੇ ਨਾ ਹੀ ਸਮਝੌਤਾ ਕਰਨਾ ਆਇਆ। ਭਾਵੇਂ ਇਹ ਬਸ ਕਿਰਾਯਾ ਮੋਰਚਾ ਸੀ, ਭਾਵੇਂ ਨਹਿਰ ਰੋਕੂ ਮੋਰਚਾ ਸੀ ਤੇ ਭਾਵੇਂ ਧਰਮ ਯੁੱਧ ਸੀ, ਹੁਣ ਇਹ ਤਿੰਨੇ ਸ਼ਖਸੀਅਤਾਂ ਨਹੀਂ ਰਹੀਆਂ। ਇਸ ਬਾਰੇ ਹੋਰ ਗੱਲ ਕਰਨੀ ਵਾਜਬ ਨਹੀਂ।

? ਦੇਸ਼ 'ਚ ਹੋਰ ਮਸਲੇ ਉਠਦੇ ਹਨ ਤੇ ਪੁਲੀਟੀਕਲ ਤੌਰ ਤੇ ਸੁਲਝਾਏ ਜਾਂਦੇ ਹਨ, ਪੰਜਾਬ ਦਾ ਮਸਲਾ ਏਨਾ ਉਲਝਿਆ ਕਿਉਂ ?

— ਹਾਲਾਤ ਨੂੰ ਗਲਤ ਤਰੀਕੇ ਨਾਲ ਨਜਿਠਿਆ ਜਾਣਾ ਬਹੁਤ ਵਾਰ ਮਸਲੇ ਨੂੰ ਉਲਝਾਉਂਦਾ ਹੈ। 1978 ਦੀ ਵਿਸਾਖੀ ਇਸਦਾ ਸ਼ੁਰੂ ਹੈ। ਸਿੱਖ ਨਿਰੰਕਾਰੀ ਵਾਦ-ਵਿਵਾਦ ਕੁਝ ਚਿਰ ਤੋਂ ਬੜੀ ਸ਼ਿਦਤ ਦੀ ਸ਼ਕਲ ਇਖਤਿਆਰ ਕਰ ਚੁਕਿਆ ਸੀ। ਅਵਤਾਰ ਬਾਣੀ ਮਸਲਾ ਸੀ। ਅਵਤਾਰ ਬਾਣੀ ਵਿਚ ਕੁਝ ਬਾਣੀ ਸਿੱਖ ਗੁਰੂ ਸਾਹਿਬਾਂ ਦੀ ਸ਼ਾਮਿਲ ਸੀ। ਸਿੱਖ ਅਕੀਦੇ ਅਨੁਸਾਰ ਇਹ ਬਾਣੀ ਗੁਰੂ ਦਾ ਦਰਜਾ ਰੱਖਦੀ ਹੈ ਅਤੇ ਇਹ ਉਚੀ ਥਾਂ ਰੱਖੀ ਜਾਂਦੀ ਹੈ ਜਦੋਂ ਕਿ ਨਿਰੰਕਾਰੀ ਆਪਣੇ ਗੁਰੂ ਨੂੰ ਉਚਾ ਸਮਝਦੇ ਹਨ ਅਤੇ ਬਾਣੀ ਨੂੰ ਨੀਵੀਂ ਥਾਂ ਰੱਖਦੇ ਹਨ। ਸਿੱਖ ਨਿਰੰਕਾਰੀ ਝਗੜਾ ਪਹਿਲੇ ਨਵੰਬਰ 1977 ਵਿਚ ਸਾਹਮਣੇ ਆਇਆ। ਜਦੋਂ ਸਿੱਖ ਵਿਖਾਵਾਕਾਰੀਆਂ ਨੇ ਪਠਾਨਕੋਟ ਵਿਚ ਹੋ ਰਹੇ ਨਿਰੰਕਾਰੀ ਸਮਾਗਮ ਨੂੰ ਹੋਣ ਤੋਂ ਰੋਕਿਆ। ਬਾਦਲ ਦੀ ਹਕੂਮਤ ਸੀ। ਸਾਰੇ ਦੇਸ਼ ਵਿਚ ਵਾਵੇਲਾ ਪੈ ਗਿਆ ਕਿ ਅਕਾਲੀਆਂ ਨੇ ਨਿਰੰਕਾਰੀਆਂ ਦੀ ਧਾਰਮਕ ਆਜ਼ਾਦੀ ਦੀ ਗਰੰਟੀ ਨਹੀਂ ਕੀਤੀ। ਵਾਵੇਲਾ ਪਾਉਣ ਵਿਚ ਲਾਲਾ ਜਗਤ ਨਰਾਇਣ ਦੀਆਂ ਅਖਬਾਰਾਂ ਸਾਰਿਆਂ ਤੋਂ ਅੱਗੇ ਸਨ। ਮਾਮਲਾ ਅਕੇਦਮਿਕ ਤੌਰ ਤੇ ਸੁਲਝਾਇਆ ਜਾ ਸਕਦਾ ਸੀ। ਇਕ ਖਬਰ ਅਨੁਸਾਰ ਨਿਰੰਕਾਰੀ ਮੰਨ ਗਏ ਸਨ ਕਿ ਗੁਰੂ ਸਾਹਿਬਾਂ ਦੀ ਬਾਣੀ ਅਵਤਾਰ ਬਾਣੀ ਵਿਚੋਂ ਕੱਢ ਦੇਣਗੇ ਪਰ ਗੱਲ ਏਨੀ ਵਧ ਗਈ ਕਿ ਦੋਵਾਂ ਧਿਰਾਂ ਨੇ ਸਿਰੇ ਦੀਆਂ ਪੁਜ਼ੀਸ਼ਨਾਂ ਲੈ ਲਈਆਂ। ਮੁਰਾਰਜੀ ਡੀਸਾਈ ਨੇ ਵੀ ਉਸ ਵੇਲੇ ਨਿਰੰਕਾਰੀਆਂ ਨੂੰ ਪੂਰੀ ਤਰ੍ਹਾਂ ਉਤਸ਼ਾਹਿਤ ਕੀਤਾ। ਵਿਸਾਖੀ 1978 ਵਿਚ ਨਿਰੰਕਾਰੀ ਸਮਾਗਮ ਖਾਸ ਅੰਮ੍ਰਿਤਸਰ ਵਿਚ ਰਖਿਆ ਗਿਆ। ਸਿੱਖ ਵਿਖਾਵਾਕਾਰੀ ਜਦੋਂ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਨਿਰੰਕਾਰੀ ਸਮਾਗਮ ਵਲ ਵਧ ਰਹੇ ਸਨ ਤਾਂ ਪਤਾ ਸੀ ਕਿ ਖੂਨ ਖਰਾਬਾ ਹੋਣਾ ਹੈ। ਸਿੱਖ ਵਿਖਾਵਾਕਾਰੀਆਂ ਵਿਚ ਅੰਨ੍ਹਾ ਜਨੂੰਨ ਸੀ ਜਦੋਂ ਕਿ ਨਿਰੰਕਾਰੀ ਵਲੰਟੀਅਰਾਂ ਕੋਲ ਬੰਦੂਕਾਂ ਸਨ। ਉਹਨਾਂ ਨੂੰ ਪਹਿਲੇ ਕਿਉਂ ਨੇ ਰੋਕਿਆ ਗਿਆ, ਇਹ ਹਾਲੇ ਤੱਕ ਸਵਾਲ ਬਣਿਆ ਹੋਇਆ ਹੈ, ਸੋਲ੍ਹਾਂ ਬੰਦੇ ਥਾਂ ਸਿਰ ਮਰ ਗਏ, ਇਹ ਕੋਈ ਮਾਮੂਲੀ ਘਟਨਾ ਨਹੀਂ ਸੀ। ਇਸ ਤੋਂ ਅਗੇ ਹੀ ਬਦਲੇ ਦਾ ਚੱਕਰ ਚਲਿਆ। ਬਾਬਾ ਗੁਰਬਚਨ ਸਿੰਘ ਮਰਿਆ, ਲਾਲਾ ਜਗਤ ਨਰਾਇਣ ਮਰਿਆ। ਜੂਨ 1984 ਤੋਂ ਪਹਿਲਾਂ ਹਿੰਦੂ ਅਤੇ ਨਿਰੰਕਾਰੀ ਮਰਦੇ ਰਹੇ। ਅਮਨ ਅਤੇ ਕਾਨੂੰਨ ਬਿਲਕੁਲ ਟੁੱਟ ਗਿਆ। ਕੋਈ ਕਾਰਵਾਈ ਨਹੀਂ ਕੀਤੀ ਗਈ। ਕਾਤਲ ਦਨਦਨਾਂਦੇ ਰਹੇ। ਫੇਰ ਕਾਰਵਾਈ ਕੀਤੀ ਤਾਂ ਇਕਦਮ ਦਰਬਾਰ ਸਾਹਿਬ ਦੇ ਕੰਪਲੈਕਸ ਦੀ ਤਬਾਹੀ ਕਰ ਦਿਤੀ ਗਈ। ਮੇਰੇ ਕੋਲੋਂ ਪੁਛਿਆ ਜਾਏ ਤਾਂ ਮੈਂ ਇਹ ਕਹਾਂਗਾ ਕਿ ਜਿਨ੍ਹਾਂ ਇਹ ਤਬਾਹੀ ਕੀਤੀ ਉਹ ਵੀ ਗਲਤ ਸਨ ਤੇ ਜਿਨ੍ਹਾਂ ਕਰਵਾਈ ਉਹ ਵੀ ਗਲਤ ਸਨ। ਉਸ ਤੋਂ ਬਾਅਦ ਜਿਹੜਾ ਤਿੰਨ ਚਾਰ ਮਹੀਨੇ ਫੌਜੀ ਰਾਜ ਪੰਜਾਬ ਵਿਚ ਹੋਇਆ। ਤਾਂ ਉਹ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਫੌਜ ਕਿਸੇ ਬਾਹਰਲੇ ਦੇਸ਼ ਦੇ ਦੁਸ਼ਮਣ ਲੋਕਾਂ ਨਾਲ ਸਲੂਕ ਕਰ ਰਹੀ ਹੈ। ਭਿੰਡਰਾਂ ਵਾਲਾ ਜਦੋਂ ਮਾਰ ਲਿਆ ਸੀ ਤਾਂ ਹਾਲਾਤ ਨੂੰ ਸਾਧਾਰਨੀਕਰਨ ਵਲ ਲਿਆਣੇ ਚਾਹੀਦੇ ਸਨ ਨਾ ਕਿ ਪਿੰਡਾਂ ਵਿਚ ਦਹਿਸ਼ਤ ਫੈਲਾਉਣੀ ਸੀ। ਜੂਨ 1984 ਤੋਂ ਪਹਿਲਾਂ ਜੇਕਰ ਪੰਜਾਬ ਵਿਚ ਹਿੰਦੂਆਂ ਦੀ ਜਾਨ ਸੂਲੀ ਤੇ ਟੰਗੀ ਹੋਈ ਸੀ ਤਾਂ ਜੂਨ 1984 ਤੋਂ ਬਾਅਦ ਸਿੱਖਾਂ ਨੂੰ ਸੂਲੀ ਟੰਗ ਦਿਤਾ ਗਿਆ। ਹੁਣ ਦੇ ਬਹੁਤੇ ਟੈਰਰਿਸਟ ਉਸ ਵੇਲੇ

ਦੀ ਦਹਿਸ਼ਤਗਰਦੀ ਦੀ ਨਤੀਜਾ ਹਨ ਜੋ ਫੌਜ ਨੇ ਸਿਖ ਨੌਜਵਾਨ ਵਿਰੁਧ ਕੀਤੀ ਕਮਅਜ਼ਕਮ ਡੇਢ ਦੋ ਹਜ਼ਾਰ ਸਿਖ ਨੌਜਵਾਨ ਇਸ ਦਹਿਸ਼ਤਗਰਦੀ ਤੋਂ ਬਚਣ ਲਈ ਪਾਕਿਸਤਾਨ ਬਾਰਡਰ ਕਰਾਸ ਕਰ ਗਏ। ਝੂਠੇ ਮੁਕਾਬਲਿਆਂ ਵਿਚ ਅਣਗਿਣਤ ਮਾਰੇ ਗਏ। ਫੌਜੀਆਂ ਦਾ ਸਲੂਕ ਵੀ ਆਮ ਸਿਖਾਂ ਪ੍ਰਤੀ ਬਹੁਤ ਮਾੜਾ ਸੀ। ਮੈਂ ਇਹ ਸਭ ਕੁਝ ਕਹਿਕੇ ਹੁਣ ਦੀ ਟੈਰਰਿਜ਼ਮ ਨੂੰ ਦਲੀਲ ਦੇ ਕੇ ਜਾਇਜ਼ ਨਹੀਂ ਠਹਿਰਾ ਰਿਹਾ। ਜਾਂ ਉਹਦੇ ਲਈ ਕੋਈ ਤਰਕ ਨਹੀਂ ਮੁਹੀਯਾ ਕਰ ਰਿਹਾ। ਸਗੋਂ ਇਹ ਦਸ ਰਿਹਾ ਹਾਂ ਕਿ ਅਧਿਕਾਰੀਆਂ ਵਲੋਂ ਗਲਤ ਕਾਰਵਾਈਆਂ ਬਾਅਦ ਵਿਚ ਕਿਸ ਤਰ੍ਹਾਂ ਗਲਤ ਨਤੀਜੇ ਕੱਢਦੀਆਂ ਹਨ।

? ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਤੁਹਾਡਾ ਕੀ ਖਿਆਲ ਹੈ ?

— ਸਮਝੌਤਾ ਹੋਣਾ ਹੀ ਚਾਹੀਦਾ ਸੀ, ਪਰ ਇਸ ਸਮਝੌਤੇ ਵਿਚ ਹੋਰ ਧਿਰਾਂ ਨੂੰ ਵੀ ਸ਼ਾਮਿਲ ਕੀਤੇ ਜਾਣਾ ਚਾਹੀਦਾ ਸੀ। ਲੌਂਗੋਵਾਲ ਲਈ ਬਾਦਲ ਨੂੰ ਵਿਸ਼ਵਾਸ਼ ਵਿਚ ਲੈਣਾ ਜ਼ਰੂਰੀ ਸੀ। ਬਰਨਾਲਾ, ਬਲਵੰਤ ਸਿੰਘ ਕਿਸੇ ਵੇਲੇ ਵੀ ਮੋਰਚੇ ਦੇ ਦਰਮਿਆਨ ਮੋਹਰੀਆਂ ਵਿਚੋਂ ਨਹੀਂ ਸਨ। ਪੰਜਾਬ ਦੇ ਹਿੰਦੂਆਂ ਨੂੰ ਵੀ ਵਿਸ਼ਵਾਸ਼ ਵਿਚ ਲੈਣਾ ਚਾਹੀਦਾ ਸੀ, ਉਹ ਵੀ ਇਸ ਬਾਰੇ ਕਾਂਡ ਵਿਚ ਬੇਗੁਨਾਹ ਮਾਰੇ ਗਏ ਸਨ। ਸਿਖ ਸਟੂਡੈਂਟ ਫੈਡਰੇਸ਼ਨ ਦਮਦਮੀ ਟਕਸਾਲ ਵਾਲਿਆਂ ਨੂੰ ਵੀ ਮੌਕਾ ਦਿਤਾ ਜਾਣਾ ਚਾਹੀਦਾ ਸੀ ਕਿ ਉਹ ਇਕ ਵੱਡੇ ਸਮਝੌਤੇ ਦਾ ਹਿਸਾ ਬਣਦੇ। ਹੁਣ ਪਤਾ ਲੱਗਾ ਹੈ ਕਿ ਜੋਧਪੁਰ ਵਾਲਿਆਂ ਨਾਲ ਗੱਲਬਾਤ ਹੋ ਵੀ ਰਹੀ ਸੀ ਪਰ ਅਰਜਨ ਸਿੰਘ ਬਲਵੰਤ ਸਿੰਘ ਨੇ ਸਾਜ਼ਸ਼ੀ ਤੌਰ ਤੇ ਉਹਨਾਂ ਦੇ ਬਾਹਰ ਬਾਹਰ ਸਭ ਕੁਝ ਕਰ ਲਿਆ। ਸਮਝੌਤੇ ਦਾ ਮਤਲਬ ਹੈ ਕਿ ਪਿਛੇ ਜੋ ਕੁਝ ਹੋਇਆ ਹੈ, ਉਹਦੇ ਤੇ ਮਿੱਟੀ ਪਾਈ ਜਾਏ ਤੇ ਇਕ ਨਵਾਂ ਕਾਂਡ ਸ਼ੁਰੂ ਕੀਤਾ ਜਾਏ ਪਰ ਐਸਾ ਹੋਇਆ ਨਹੀਂ ਤੇ ਪਿਛਲੇ ਅੱਠ ਦਸ ਮਹੀਨੇ ਤੋਂ ਪੰਜਾਬ ਵਿਚ ਜੋ ਵਾਪਰ ਰਿਹਾ ਹੈ ਇਹ ਅਧੂਰੇ ਸਮਝੌਤੇ ਦੀ ਦੇਣ ਹਨ। ਮੈਂ ਤਾਂ ਇਹ ਵੀ ਕਹਾਂਗਾ ਕਿ ਹਰਿਆਣਾ ਦੀਆਂ ਧਿਰਾਂ ਦੀ ਵੀ ਰਜ਼ਾਮੰਦੀ ਅਤੇ ਸ਼ਮੂਲੀਅਤ ਜ਼ਰੂਰੀ ਸੀ। ਸਿਰਫ ਭਜਨ ਲਾਲ ਸਾਰੇ ਹਰਿਆਣੇ ਦੀ ਆਵਾਜ਼ ਨਹੀਂ ਸੀ।

? ਹੁਣ ਤੁਹਾਡੇ ਖਿਆਲ 'ਚ ਕੀ ਹੋਣਾ ਚਾਹੀਦਾ ਹੈ ?

—ਕੋਸ਼ਿਸ਼ ਕਰਕੇ ਸਾਰੀਆਂ ਧਿਰਾਂ ਦੀ ਗੋਲਮੇਜ਼ ਕਾਨਫਰੰਸ ਹੋਣੀ ਚਾਹੀਦੀ ਹੈ ਇਹ ਕਿਸੇ ਸਾਜ਼ਿਸ਼ੀ ਤਰੀਕੇ ਨਾਲ ਖੁਫੀਆ ਤੌਰ ਤੇ ਨਹੀਂ ਹੋਣੀ ਚਾਹੀਦੀ। ਖੁਲ੍ਹੇ ਆਮ ਲੋਕਾਂ ਨੂੰ ਵਿਸ਼ਵਾਸ਼ ਵਿਚ ਲਿਆ ਜਾਏ। ਲੋਕ ਹਰ ਕਿਸਮ ਦੀ ਦਹਿਸ਼ਤਗਰਦੀ ਅਤੇ ਸਿਆਸੀ ਪੈਂਤੜੇਬਾਜ਼ੀ ਤੋਂ ਤੰਗ ਆ ਚੁਕੇ ਹਨ। ਉਹ ਅਮਨ ਸ਼ਾਂਤੀ ਚਾਹੁੰਦੇ ਹਨ ਚੰਗੇ ਗਵਾਂਢੀਆਂ ਵਾਕੁਨ ਰਹਿਣਾ ਚਾਹੁੰਦੇ ਹਨ। ਕੁਝ ਲੈ ਦੇ ਕੇ ਫੈਸਲਾ ਕਰਨਾ ਚਾਹੁੰਦੇ ਹਨ। ਅਸੀਂ ਘਰਾਂ ਵਿਚ ਮੁਹਲਿਆਂ ਵਿਚ ਇਹੋ ਜਿਹੇ ਫੈਸਲੇ ਰੋਜ਼ ਕਰਦੇ ਹਾਂ। ਇਹੋ ਜਿਹਾ ਵਾਤਾਵਰਨ ਬਣਾਇਆ ਜਾਏ ਕਿ ਉਹ ਜੋ ਮਾਸੂਮਾਂ ਦੇ ਕਤਲਾਂ ਦੇ ਰਾਹ ਪਏ ਹੋਏ ਹਨ, ਉਹਨਾਂ ਨੂੰ ਅਹਿਸਾਸ ਹੋਏ ਕਿ ਉਹ ਕਿਹੋ ਜਿਹੇ ਇਨਸਾਨ ਦੁਸ਼ਮਣ ਰਾਹ ਤੇ ਪਏ ਹੋਏ ਹਨ! ਇਸਦਾ ਇਹ ਮਤਲਬ ਨਹੀਂ ਉਹਨਾਂ ਨੂੰ ਕਿਸੇ ਕਿਸਮ ਦੀ ਢਿਲ ਦਿਤੀ ਜਾਏ ਜਾ ਉਹਨਾਂ ਨਾਲ ਸਖਤੀ ਨਾਲ ਨਾ ਨਿਪਟਿਆ ਜਾਏ ਪਰ ਉਹਨਾਂ ਨੂੰ ਨਾਲ ਨਾਲ ਸਹੀ ਰਾਹ ਦੇ ਆਉਣ ਦਾ ਮੌਕਾ ਵੀ ਦਿਤਾ ਜਾਏ। ਰਾਜੀਵ-ਲੌਂਗੋਵਾਲ ਸਮਝੌਤਾ ਇਕ ਨਾ ਮੁਕੰਮਲ ਸਮਝੌਤਾ ਸਾਬਤ ਹੋ ਚੁਕਿਆ ਹੈ। ਕਿਸੇ ਵੀ ਧਿਰ ਅਤੇ ਲੋਕਾਂ ਨੂੰ ਉਸ ਸਮਝੌਤੇ ਵਿਚ ਕੋਈ ਵਿਸ਼ਵਾਸ਼ ਨਹੀਂ ਰਿਹਾ। ਇਕ ਸਰਵਪੱਖੀ ਨਵੇਂ ਸਮਝੌਤੇ ਦੀ ਲੋੜ ਹੈ, ਜਿਸ ਵਿਚ ਸਿਖਾਂ ਦੀਆਂ ਸਾਰੀਆਂ ਧਿਰਾਂ, ਹਰਿਆਣਾ ਦੀ ਵੱਖ ਵੱਖ ਧਿਰਾਂ ਅਤੇ ਪੰਜਾਬ ਦੀਆਂ — ਹਿੰਦੂ ਸੰਸਥਾਵਾਂ ਦੀ ਵੀ ਸ਼ਮੂਲੀਅਤ ਕੀਤੀ ਜਾਏ ਅਤੇ ਪੰਜਾਬ ਦੀ ਜਮਹੂਰੀ ਧਿਰ ਨੂੰ ਵੀ ਸ਼ਾਮਿਲ ਕੀਤੀ ਜਾਏ। ਮੈਂ ਚਾਹਵਾਂਗਾ ਕਿ ਪੰਜਾਬ ਅਤੇ ਬਾਕੀ ਭਾਰਤ ਦੇ ਲੋਕ ਵੀ ਇਸ ਕਿਸਮ ਦੀ ਗੋਲਮੇਜ਼ ਕਾਨਫਰੰਸ ਲਈ ਰਾਏਆਮਾ ਲਾਮਬੰਦ ਕਰਨ। ਪਾਰਲੀਮੈਂਟ ਦੇ ਮੈਂਬਰਾਂ ਨੂੰ ਰਖਿਆ ਪੱਟੀ ਨਾਲੋਂ ਵੱਧ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬ ਵਿਚ ਸਥਾਈ ਤੌਰ ਤੇ ਅਮਨ ਕਿਸ ਤਰ੍ਹਾਂ ਹੋ ਸਕਦਾ ਏ।

? ਸਿੱਖ ਹਲਕਿਆਂ ਵਿਚ ਇਹ ਆਮ ਕਿਹਾ ਜਾਂਦਾ ਹੈ ਕਿ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ, ਕੀ ਤੁਹਾਡਾ ਵੀ ਇਹ ਯਕੀਨ ਹੈ ਕਿ ਜਿਹੜੇ ਟੈਰਰਿਸਟ ਮੁਕਾਬਲੇ ਵਿਚ ਮਾਰੇ ਗਏ ਦਸੇ ਜਾਂਦੇ ਹਨ, ਉਹ ਮੁਕਾਬਲਾ ਨਹੀਂ ਹੁੰਦਾ ?

— ਭਾਰਤ ਦੀ ਪੁਲੀਸ ਦਾ ਰੀਕਾਰਡ ਏਨਾ ਮਾੜਾ ਹੈ ਕਿ ਲੋਕਾਂ ਨੂੰ ਉਹਨਾਂ ਦੀ ਕਿਸੇ ਵੀ ਕਹੀ ਗੱਲ ਦਾ ਇਤਬਾਰ ਨਹੀਂ। ਲੋਕਾਂ ਨੂੰ ਤਾਂ ਇਹ ਵੀ ਇਤਬਾਰ ਨਹੀਂ ਕਿ ਟੈਲੀਵੀਜ਼ਨ ਵਿਚ ਜਿਹੜੇ ਹਥਿਆਰ ਵਿਖਾਏ ਜਾਂਦੇ ਹਨ, ਉਹ ਵਾਕਈ ਟੈਰਰਿਸਟਾਂ ਕੋਲੋਂ ਲੱਭੇ ਹੋਏ ਹਨ ਕਿ ਉਹਨਾਂ ਉਤੇ ਪੁਲਸ ਨੇ ਆਪਣੇ ਵਲੋਂ ਪਾਏ ਹੁੰਦੇ ਹਨ। ਇਹ ਵੀ ਸੁਣਿਆ ਗਿਆ ਹੈ ਕਿ ਪੁਲਸ ਨੇ ਇਕ ਲਿਸਟ ਬਣਾਈ ਹੋਈ ਹੈ ਕਿ ਕਿਨ੍ਹਾਂ ਨੂੰ ਪਕੜ ਕੇ ਜੇਲ੍ਹ ਵਿਚ ਭੇਜਣਾ ਹੈ ਤੇ ਕਿਨ੍ਹਾਂ ਨੂੰ ਪਕੜ ਕੇ ਉਥੇ ਹੀ ਮਾਰ ਦੇਣਾ ਹੈ। ਇਸ ਨੀਤੀ ਦਾ ਅਧਾਰ ਇਹ ਕਿਹਾ ਜਾਂਦਾ ਹੈ ਕਿ ਟੈਰਰਿਸਟਾਂ ਨੂੰ ਜੇਲ੍ਹਾਂ ਵਿਚ ਰਖਣਾ ਐਵੇਂ ਮੁਫਤ ਦੀ ਸਿਰਦਰਦੀ ਹੈ, ਕਿਉਂਕਿ ਉਹਨਾਂ ਦੇ ਖਿਲਾਫ ਖੁਲ੍ਹੀ ਅਦਾਲਤ ਵਿਚ ਕਦੀ ਵੀ ਕੋਈ ਕੇਸ ਸਾਬਤ ਨਹੀਂ ਹੋ ਸਕਦਾ। ਕਦੀ ਮੌਕੇ ਦਾ ਗਵਾਹ ਲਭਦਾ ਹੀ ਨਹੀਂ। ਬਹੁਤ ਬੇਹੂਦਾ ਦਲੀਲ ਹੈ ਜਿਹੜੀ ਭਾਰਤ ਦੇ ਕਾਨੂੰਨ ਦੀ ਖੁਲ੍ਹੇਆਮ ਖਿਲੀ ਉਡਾਂਦੀ ਹੈ। ਸੋ ਇਹਨਾਂ ਹਾਲਤਾਂ ਵਿਚ ਜੋ ਕੁਝ ਵਾਪਰ ਰਿਹਾ ਹੈ, ਲੋਕਾਂ ਨੂੰ ਜਿਸ ਵਿਚ ਮੈਂ ਵੀ ਸ਼ਾਮਿਲ ਹਾਂ, ਕਿਸੇ ਗੱਲ ਦਾ ਪੂਰਾ ਸੱਚ ਕਦੀ ਵੀ ਨਹੀਂ ਲੱਭ ਸਕਦਾ। 1983 ਵਿਚ ਜਮਹੂਰੀ ਅਧਿਕਾਰ ਸਭਾ ਵਲੋਂ ਅਸੀਂ ਕੁਲਵੰਤ ਸਿੰਘ ਨਾਗੋਕੇ ਦੇ ਕੇਸ ਦੀ ਤਪਤੀਸ਼ ਕੀਤੀ ਸੀ, ਉਸ ਵਿਚ ਪੁਲਸ ਬਿਲਕੁਲ ਝੂਠੀ ਸਾਬਤ ਹੋਈ ਸੀ ਤੇ ਉਹ ਪੂਰੀ ਤਰ੍ਹਾਂ ਝੂਠਾ ਪੁਲਸ ਮੁਕਾਬਲਾ ਸੀ। ਹਰ ਇਕ ਕੇਸ ਦੀ ਤਪਤੀਸ਼ ਕਰਨੀ ਮੁਮਕਿਨ ਨਈਂ। ਬਸਾਂ ਵਿਚ ਸਫਰ ਕਰਦੇ ਬੇਦੋਸ਼ੇ ਮੁਸਾਫਰਾਂ ਨੂੰ ਮਾਰਨ ਵਾਲਿਆਂ ਉਤੇ ਜਾਂ ਬੇਦੋਸ਼ਿਆਂ ਨੂੰ ਘਰਾਂ ਵਿਚ ਮਾਰਨ ਵਾਲਿਆਂ ਉਤੇ ਕਿਸੇ ਕਿਸਮ ਦਾ ਰਹਿਮ ਨਹੀਂ ਹੋਣਾ ਚਾਹੀਦਾ! ਕੋਈ ਵੀ ਦਲੀਲ ਉਹਨਾਂ ਦੀ ਗੈਰ ਇਨਸਾਨੀ ਅਮਲ ਨੂੰ ਜਾਇਜ਼ ਨਹੀਂ ਠਹਿਰਾ ਸਕਦੀ ਪਰ ਸਿਰਫ ਖਾਨਾ ਪੂਰੀ ਕਰਨ ਲਈ ਬੇਦੋਸ਼ੇ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲੇ ਬਣਾਕੇ ਮਾਰਨ ਵਾਲਿਆਂ ਦਾ ਗੁਨਾਹ ਵੀ ਮੁਆਫ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਕਦੀ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ।

? ਸਿਖ ਮੰਗਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

— ਸਿੱਖ ਮੰਗਾਂ ਦੀ ਏਨੀ ਅਹਿਮੀਅਤ ਨਹੀਂ ਰਹੀ, ਜਿੰਨੀ ਅਹਿਮੀਅਤ ਜ਼ਖਮੀ ਸਿਖ ਮਾਨਸਕਤਾ (Injured Sikh Mantality) ਉਤੇ ਮਰਹਮ ਲਾਉਣ ਦੀ ਹੈ। ਇਹ ਇਲਾਜ ਦੋ ਤਰੀਕਿਆਂ ਨਾਲ ਹੋ ਸਕਦਾ ਹੈ। ਪਹਿਲਾਂ ਤਾਂ ਇਹ ਕਿ ਸਿੱਖਾਂ ਨੂੰ ਇਹ ਅਹਿਸਾਸ ਕਰਵਾਇਆ ਜਾਏ ਕਿ ਇਹ ਜਿਹੜੇ ਜ਼ਖਮ ਲਗੇ ਹਨ, ਇਨ੍ਹਾਂ ਚੋਂ ਬਹੁਤੇ ਉਨ੍ਹਾਂ ਦੀਆਂ ਆਪਣੀਆਂ ਗਲਤੀਆਂ ਕਰਕੇ ਲਗੇ ਹਨ। ਜੂਨ 1984 ਤੋਂ ਪਹਿਲੇ ਡੇਢ ਦੋ ਸਾਲ ਦਾ ਜਿਹੜਾ ਸਮਾਂ ਹੈ, ਉਹ ਇਸ ਕਮਿਊਨਿਟੀ ਦੇ ਇਤਿਹਾਸ ਵਿਚ ਕਾਲੇ ਇਤਿਹਾਸ ਦਾ ਸਮਾਂ ਗਿਣਿਆ ਜਾਏਗਾ ਜਦੋਂ ਭੂਤਰੇ ਹੋਏ ਲੋਕਾਂ ਨੇ ਪੰਜਾਬ ਵਿਚ ਵੀ ਤੇ ਹਰਿਮੰਦਰ ਸਾਹਿਬ ਵਿਚ ਵੀ ਨਜਾਇਜ਼ ਕਿਸਮ ਦਾ ਖਰੂਦ ਮਚਾਇਆ ਹੋਇਆ ਸੀ ਪਰ ਜੂਨ 1984 ਤੋਂ ਬਾਅਦ ਜੋ ਕੁਝ ਹੋਇਆ ਉਹ ਇਸ ਕਮਿਊਨਿਟੀ ਵਿਰੁਧ ਬਿਲਕੁਲ ਹੀ ਨਾਜਾਇਜ਼ ਸੀ। ਇਹਦਾ ਜ਼ਿਕਰ ਮੈਂ ਪਹਿਲੇ ਹੀ ਕਰ ਚੁਕਾ ਹਾਂ। ਪਰ ਸਿਖ ਕਮਿਊਨਿਟੀ ਨੂੰ ਉਹਦੀਆਂ ਗਲਤੀਆਂ ਦਾ ਅਹਿਸਾਸ ਤਾਂ ਹੀ ਕਰਵਾਇਆ ਜਾ ਸਕਦਾ ਹੈ ਜੇ ਭਾਰਤ ਦੀ ਸਰਕਾਰ ਆਪਣੀਆਂ ਗਲਤੀਆਂ ਦਾ ਅਹਿਸਾਸ ਕਰਨ ਵੇਲੇ ਝੂਠੇ ਵਕਾਰ ਤੇ ਨਾ ਖਲੋਵੇ। ਇਸ ਵੇਲੇ ਜੇਕਰ ਤਿੰਨ ਹੀ ਮੰਗਾਂ ਉਤੇ ਕਾਰਵਾਈ ਕੀਤੀ ਜਾਏ ਤਾਂ ਜ਼ਖਮ ਕਾਫੀ ਹੱਦ ਤੱਕ ਠੀਕ ਕੀਤੇ ਜਾ ਸਕਦੇ ਹਨ ਇਹ ਤਿੰਨ ਮੰਗਾਂ ਹਨ — ਪਹਿਲੀ ਜੋਧਪੁਰ ਦੇ ਕੈਦੀਆਂ ਦੀ ਰਿਹਾਈ, (ਇਸ ਵਿਚ ਕੁਝ ਨੂੰ ਜੇਕਰ ਹਾਲੇ ਜੇਲ੍ਹ ਵਿਚ ਰਖਣਾ ਜ਼ਰੂਰੀ ਵੀ ਹੈ ਤਾਂ ਲੋਕਾਂ ਨੂੰ ਦੱਸਿਆ ਜਾਏ ਕਿ ਕਿਉਂ ਜ਼ਰੂਰੀ ਹੈ) 26 ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਉਹਨਾਂ ਦਾ ਕੋਈ ਜੁਰਮ ਨਹੀਂ ਦਸਿਆ ਜਾ ਸਕਿਆ ਤੇ ਨਾ ਹੀ ਕੋਈ ਮੁਕਦਮਾ ਚਲਾਇਆ ਜਾ ਸਕਿਆ ਹੈ। ਦੂਜੀ ਮੰਗ ਬਾਗ਼ੀ ਫੌਜੀਆਂ ਦੀ ਬਹਾਲਤਾ ਹੈ। ਫੌਜੀਆਂ ਨੇ ਜਿਸ ਹਾਲਤ ਵਿਚ ਬਗ਼ਾਵਤ ਕੀਤੀ ਉਹ ਇਕ ਜਜ਼ਬਾਤੀ ਪ੍ਰਤੀਕਰਮ ਸੀ। ਅਗਰ ਇਹਨਾਂ ਨੂੰ ਫੌਜ ਵਿਚ ਵਾਪਸ ਨਹੀਂ ਲਿਆ ਜਾ ਸਕਦਾ ਤਾਂ ਹੋਰਨਾਂ ਸ਼ੋਹਬਿਆਂ ਵਿਚ ਇਹਨਾਂ ਦਾ ਮੁੜ ਵਸੇਵਾ ਕੀਤਾ ਜਾਏ। ਤੀਜੀ ਮੰਗ ਭਗਤ ਦਾ ਮਰਕਜ਼ੀ ਵਜ਼ੀਰ ਰਹਿਣ ਵਿਰੁਧ ਹੈ। ਉਸਦੀ ਨਵੰਬਰ 1984 ਵਿਚ ਬੇਦੋਸ਼ੇ ਸਿਖਾਂ ਦੇ ਕਤਲੋਗਾਰਤ ਵਿਚ ਪੂਰੀ ਸ਼ਹਿ ਸੀ। ਇਹ ਸਾਬਤ ਕਰਨ ਲਈ ਕਿਸੇ ਕਮਿਸ਼ਨ ਦੀ ਲੋੜ ਨਹੀਂ ਦਿੱਲੀ ਦਾ ਬੱਚਾ ਬੱਚਾ ਇਹ ਜਾਣਦਾ ਹੈ। ਆਖਿਰ ਭਗਤ ਹੋਰਾਂ ਵਿਚ ਕੀ ਖਾਸ ਸਿਫਤ ਹੈ ਕਿ ਉਹ ਦਾ ਕੇਂਦਰੀ ਵਜ਼ਾਰਤ ਵਿਚ ਰਹਿਣਾ ਬਹੁਤ ਜ਼ਰੂਰੀ ਹੈ। ਵਜ਼ਾਰਤੀ ਰੀਸ਼ਫਲ ਵਿਚ ਉਸਨੂੰ ਏਧਰ ਉਧਰ ਲਾਂਭੇ ਕੀਤਾ ਜਾ ਸਕਦਾ ਹੈ। ਹੋਰ ਵੀ ਰੋਜ਼ ਵਜ਼ਾਰਤੀ ਤਬਦੀਲੀਆਂ ਹੁੰਦੀਆਂ ਹੀ ਰਹਿੰਦੀਆਂ ਹਨ। ਇਹ ਤਿੰਨ ਮੰਗਾਂ ਮੰਨਣ ਨਾਲ ਨਾ ਹੀ ਕੋਈ ਖਾਲਿਸਤਾਨ ਬਣ ਜਾਏਗਾ ਅਤੇ ਨਾ ਹੀ ਦੇਸ਼ ਦੀ ਏਕਤਾ ਨੂੰ ਕੋਈ ਨਵਾਂ ਖਤਰਾ ਹੋਂਦ ਵਿਚ ਆ ਜਾਏਗਾ ਪਰ ਇਹ ਮੰਗਾਂ ਮੰਨਣ ਨਾਲ ਇਸ ਕਮਿਊਨਿਟੀ ਨੂੰ ਦੇਸ਼ ਦੀ ਮੁਖ ਧਾਰਾ ਵਿਚ ਵਾਪਸ ਲਿਆਇਆ ਜਾ ਸਕੇਗਾ। ਇਹ ਮਹਿੰਗਾ ਸੌਦਾ ਨਹੀਂ ਹੋਏਗਾ, ਇਕ ਪੇਚੀਦਾ ਮਸਲੇ ਦੇ ਹਲ ਵਾਸਤੇ ਇਕ ਠੋਸ ਕਦਮ ਹੋਵੇਗਾ।

? ਚੰਡੀਗੜ੍ਹ ਬਾਰੇ ਵੀ ਅਸੀਂ ਤੁਹਾਡੇ ਵਿਚਾਰ ਜਾਣਨਾ ਚਾਹਵਾਂਗੇ।

— ਜਦੋਂ 1966 ਵਿਚ ਪੰਜਾਬੀ ਸੂਬਾ ਬਣਿਆ, ਚੰਡੀਗੜ੍ਹ ਪੰਜਾਬ ਵਿਚ ਆ ਜਾਣਾ ਚਾਹੀਦਾ ਸੀ। ਅਕਾਲੀ ਦਲ ਨੂੰ ਜੋ ਪੰਜਾਬੀ ਸੂਬਾ ਬਨਵਾਉਣ ਲਈ ਵੱਡੀ ਧਿਰ ਸੀ, ਚੰਡੀਗੜ੍ਹ ਦਾ ਫੈਸਲਾ ਕਰਵਾਏ ਬਗੈਰ ਪੰਜਾਬੀ ਸੂਬਾ ਨਹੀਂ ਲੈਣਾ ਚਾਹੀਦਾ ਸੀ, ਇਹ ਕਦੀ ਵੀ ਨਹੀਂ ਮੰਨਣਾ ਚਾਹੀਦਾ ਸੀ ਕਿ ਕਮਿਸ਼ਨ ਬਾਅਦ ਵਿਚ ਫੈਸਲਾ ਕਰੇਗਾ। ਇਸੇ ਤਰ੍ਹਾਂ ਹੋਰ ਇਲਾਕਿਆਂ ਬਾਰੇ ਵੀ ਤਿੰਨ ਚਾਰ ਮਹੀਨਿਆਂ ਵਿਚ ਫੈਸਲਾ ਹੋ ਸਕਦਾ ਸੀ। ਪਰ ਅਕਾਲੀ ਦਲ ਨੇ ਕਾਹਲ ਕੀਤੀ ਉਸ ਨੂੰ ਜਾਂ ਕੁਰਸੀ ਸਾਂਭਨ ਦੀ ਕਾਹਲ ਸੀ ਜਾਂ ਉਹਦੀਆਂ ਹੋਰ ਹੀ ਫਿਰਕੂ ਗਿਣਤੀਆਂ ਮਿਣਤੀਆਂ ਸਨ, ਇਹ ਕਿਹਾ ਨਹੀਂ ਜਾ ਸਕਦਾ ਚੰਡੀਗੜ੍ਹ ਦੇ ਮਸਲੇ ਤੇ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਵਿਚ ਜੋ ਵਿਘਣ ਪਿਆ ਹੈ ਉਹ ਅਫਸੋਸਨਾਕ ਗੱਲ ਹੈ। ਚੰਡੀਗੜ੍ਹ ਦੇ ਝਗੜੇ ਤੋਂ ਇਲਾਵਾ ਹੋਰ ਕੋਈ ਵੀ ਝਗੜਾ ਨਹੀਂ ਸੀ। ਹਿਮਾਚਲ ਵਾਲੇ ਵੱਖਰਾ ਸੂਬਾ ਬਣਾ ਕੇ ਚੰਗੇ ਰਹੇ, ਹਰਿਆਣਾ ਵਾਲੇ ਲੋਕ ਵੀ ਪੰਜਾਬ ਤੋਂ ਵੱਖ ਹੋ ਕੇ ਸੁਖੀ ਹੀ ਹੋਏ, ਪੰਜਾਬ ਵਾਲਿਆਂ ਨੂੰ ਵੀ ਪੰਜਾਬੀ ਸੂਬਾ ਮਿਲ ਗਿਆ। ਵੀਹ ਸਾਲਾਂ ਵਿਚ ਹੁਣ ਬਹੁਤ ਪਾਣੀ ਪੁਲਾਂ ਥਲਿਓਂ ਲੰਘ ਗਿਆ ਹੈ। ਚੰਡੀਗੜ੍ਹ ਸ਼ਹਿਰ ਦੀ ਇਕੱਠੀ ਰਾਜਧਾਨੀ ਦੇ ਤੌਰ ਤੇ ਇਕ ਵੱਖਰਾ ਚਰਿਤਰ ਬਣ ਗਿਆ ਹੈ। ਇਧਰੋਂ ਮੁਹਾਲੀ, ਉਧਰ ਪੰਚਕੂਲਾ ਵੱਖਰੇ ਕੰਪਲੈਕਸ ਬਣ ਗਏ ਹਨ। ਉਤਰੀ ਜ਼ੋਨ ਦੀਆਂ ਕੁਝ ਕੇਂਦਰੀ ਇਸਟੀਚਿਊਟ ਇਥੇ ਬਣ ਗਈਆਂ ਹਨ। ਇਸ ਲਈ ਇਸ ਸ਼ਹਿਰ ਨੂੰ ਹੁਣ ਇਸੇ ਤਰ੍ਹਾਂ ਰਹਿਣ ਦੇਣਾ ਚਾਹੀਦਾ ਹੈ। ਚੰਡੀਗੜ੍ਹ ਦੇ ਵਸਨੀਕਾਂ ਦੀ ਵੀ ਇਹ ਜ਼ਾਹਰਾ ਰਾਏ ਲਗਦੀ ਹੈ। ਪੰਜਾਬ ਅਤੇ ਹਰਿਆਣਾ ਨੂੰ ਆਪਣੇ ਆਪਣੇ ਸ਼ਹਿਰਾਂ ਦੇ ਵਿਕਾਸ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ ਜੋ ਗੰਦਗੀ ਦਾ ਢੇਰ ਬਣਦੇ ਜਾ ਰਹੇ ਹਨ। ਅੰਮ੍ਰਿਤਸਰ ਦੀ ਵਿਗੜਦੀ ਹਾਲਤ ਮੈਂ ਸਾਹਮਣੇ ਦੇਖ ਰਿਹਾ ਹਾਂ, ਇਹ ਮੇਰੀ ਇਕ ਨਿੱਜੀ ਰਾਏ ਹੈ। ਉਂਜ ਗੋਲਮੇਜ਼ ਕਾਨਫਰੰਸ ਤੇ ਇਸ ਸ਼ਹਿਰ ਦਾ ਵੀ ਫੈਸਲਾ ਹੋ ਸਕਦਾ ਹੈ ਕਿ ਇਹ ਕੋਈ ਜ਼ਿੰਦਗੀ ਮੌਤ ਦਾ ਮਸਲਾ ਨਹੀਂ। ਚੰਡੀਗੜ੍ਹ ਵਰਗੇ ਕਈ ਸ਼ਹਿਰ ਨਵੇਂ ਵਸਾਏ ਜਾ ਸਕਦੇ ਹਨ।

? ਤੁਹਾਡੇ ਵਿਚਾਰਾਂ ਤੋਂ ਲਗਦੈ ਕਿ ਤੁਸੀਂ ਫਿਰਕੂ ਪਾਰਟੀਆਂ ਨਾਲੋਂ ਕਾਂਗਰਸ ਪਾਰਟੀ ਨੂੰ ਵੱਧ ਦੋਸ਼ੀ ਠਹਿਰਾਉਂਦੇ ਹੋ, ਕੀ ਇਹ ਠੀਕ ਹੈ ?

— ਹਾਂ ਇਹ ਠੀਕ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਕੇਂਦਰ ਦੀ ਕਾਂਗਰਸੀ ਸਰਕਾਰ ਭਾਵੇਂ ਪਹਿਲੇ ਇੰਦਰਾ ਗਾਂਧੀ ਦੀ ਸੀ ਤੇ ਹੁਣ ਰਾਜੀਵ ਦੀ ਹੈ ਅਤੇ ਉਹਨਾਂ ਦੇ ਪੰਜਾਬ ਵਿਚ ਜੋ ਚੇਲੇ ਚਾਪੜੇ ਹਨ ਉਹ ਦੰਭ ਦੀ ਸਿਆਸਤ ਚਲਾਂਦੇ ਹਨ। ਉਤੋਂ ਉਤੋਂ ਬਿਆਨ ਦੇਣਗੇ ਕਿ ਲੋਕਾਂ ਨੂੰ ਫਿਰਕੂ ਸਿਆਸਤ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਪਰ ਹਰ ਇਕ ਉਸ ਨੀਤੀ ਉਤੇ ਅਮਲ ਕਰਨਗੇ ਜੋ ਲੋਕਾਂ ਵਿਚ ਫਿਰਕੂ ਨਫਰਤ ਨੂੰ ਜਨਮ ਦੇਵੇਗੀ। ਪਿਛਲੇ ਅੱਠ ਮਹੀਨਿਆਂ ਵਿਚ ਹੀ ਦੇਖੋ, ਕਦੀ ਮੈਥਿਊ ਕਮਿਸ਼ਨ, ਕਦੀ ਵੈਨਕਟਾਰਮਨ ਕਮਿਸ਼ਨ, ਕਦੀ ਰਖਿਆ ਬੈਲਟ ਹਰ ਦੂਜੇ ਤੀਜੇ ਮਹੀਨੇ ਐਸਾ ਇਕ ਸ਼ੋਸ਼ਾ ਸ਼ੁਰੂ ਕਰ ਦੇਂਦੇ ਜੋ ਪੰਜਾਬ ਵਿਚ ਟਿਕਟਕਾ ਹੋਣ ਹੀ ਨਹੀਂ ਦੇਂਦਾ। ਇਸ ਲਈ ਜਦੋਂ ਇਤਿਹਾਸ ਲਿਖਿਆ ਜਾਵੇਗਾ ਪੰਜਾਬ ਦੇ ਸੰਕਟ ਲਈ ਕੇਂਦਰ ਦੀ ਸਰਕਾਰ ਅਤੇ ਕਾਂਗਰਸ ਪਾਰਟੀ ਹੀ ਮੁਖ ਜ਼ਿਮੇਵਾਰ ਠਹਿਰਾਈ ਜਾਏਗੀ।

? ਰਬੈਰੋ ਬਾਰੇ ਕੀ ਖਿਆਲ ਹੈ ?

— ਰਬੈਰੋ ਇਕ ਪੁਲਸ ਮੁਖੀ ਦੇ ਤੌਰ ਤੇ ਆਪਣੀ ਜ਼ਿਮੇਵਾਰੀ ਨਿਭਾ ਰਿਹਾ ਹੈ। ਜੇਕਰ ਉਹ ਬੇਦੋਸ਼ਿਆਂ ਦੇ ਕਤਲ ਬੰਦ ਕਰਵਾ ਸਕੇ ਜਾਂ ਉਹਨਾਂ ਹਤਿਆਰਿਆਂ ਨੂੰ ਕਾਬੂ ਕਰਨ ਵਿਚ ਸਫਲ ਹੋ ਜਾਵੇ ਜੋ ਇਨਸਾਨੀਅਤ ਦਾ ਰਾਹ ਛੱਡ ਗਏ ਹਨ,

ਬਾਕੀ ਪੰਨਾ 14 ਉਤੇ

ਪੰਨਾ 13 ਦੀ ਬਾਕੀ

ਤਾਂ ਇਹ ਉਹਦੀ ਪ੍ਰਾਪਤੀ ਹੋਵੇਗੀ। ਝੂਠੇ ਪੁਲਸ ਮੁਕਾਬਲੇ ਦੇ ਦਾਗ਼ ਤੋਂ ਉਹਨੂੰ ਆਪਣੇ ਆਪ ਨੂੰ ਬਚਾਕੇ ਰਖਣਾ ਚਾਹੀਦਾ ਹੈ। ਪਰ ਪੰਜਾਬ ਦਾ ਮਸਲਾ ਸਿਰਫ਼ ਰਬੈਰੋ ਵਾਲਾ ਹੱਲ ਨਹੀਂ ਮੰਗਦਾ, ਉਹ ਸਿਆਸੀ ਹੱਲ ਮੰਗਦਾ ਹੈ।

? ਸਾਨੂੰ ਦੱਸਿਆ ਗਿਆ ਹੈ ਕਿ ਤੁਸੀਂ ਪੰਜਾਬ ਦੇ ਮਸਲੇ ਬਾਰੇ ਬਹੁਤ ਸਾਰੇ ਨਾਟਕ ਲਿਖੇ ਹਨ, ਉਹਨਾਂ ਬਾਰੇ ਸਾਨੂੰ ਕੁਝ ਦੱਸ ਸਕੋਗੇ।

— ਮੈਂ ਪਿਛਲੇ ਚਾਰ ਸਾਲਾਂ ਵਿਚ ਇਸ ਮਸਲੇ ਤੇ ਕੋਈ ਪੰਜ ਛੇ ਨਾਟਕ ਲਿਖੇ ਹਨ। ਇਹਨਾਂ ਸਾਰੇ ਨਾਟਕਾਂ ਵਿਚ ਮੈਂ ਇਕ ਸਾਧਾਰਨ ਬੰਦੇ ਦਾ ਪੱਖ ਲਿਆ ਹੈ, ਜੋ ਖਾਹਮਖਾਹ ਭੈੜੀ ਸਿਆਸਤ ਕਰਕੇ ਮਾਰਿਆ ਜਾ ਰਿਹਾ ਹੈ। ਪਹਿਲਾ ਨਾਟਕ ਇਸ ਸਿਲਸਲੇ ਵਿਚ 'ਸਾਧਾਰਨ ਲੋਕ' ਦੇ ਨਾਂ ਥਲੇ ਹੀ ਸੀ। ਫੇਰ ਇਕ ਨਾਟਕ ਲਿਖਿਆ 'ਇਕ ਕੁਰਸੀ ਇਕ ਮੋਰਚਾ ਤੇ ਹਵਾਲ ਵਿਚ ਲਟਕਦੇ ਲੋਕ'। ਇਸ ਵਿਚ ਮੈਂ ਸਪੱਸ਼ਟ ਤੌਰ ਤੇ ਇਹ ਕਿਹਾ ਕਿ ਨਾ ਹੀ ਕੁਰਸੀ ਤੇ ਬੈਠੇ ਹੋਏ ਲੋਕ ਅਤੇ ਨਾ ਹੀ ਮੋਰਚੇ ਵਾਲੇ ਇਸ ਗੱਲ ਵਿਚ ਦਿਲਚਸਪੀ ਰਖਦੇ ਹਨ ਕਿ ਉਹ ਸਾਧਾਰਨ ਲੋਕਾਂ ਦੇ ਮਸਲੇ ਜਿਹੜੇ ਬੇਰੁਜ਼ਗਾਰੀ ਦੇ ਹਨ, ਕਿਸਾਨਾਂ ਦੀ ਫਸਲ ਮੰਡੀਆਂ ਵਿਚ ਰੁਲਣ ਦੇ ਹਨ, ਉਹਨਾਂ ਨੂੰ ਠੀਕ ਭਾਅ ਨਾ ਮਿਲਣ ਦੇ ਹਨ, ਕਦੀ ਵੀ ਹਲ ਕਰਨ। ਸਾਧਾਰਨ ਲੋਕ ਇਹਨਾਂ ਬੇਫਾਇਦਾ ਟਕਰਾਂ ਵਿਚ ਬਿਲਕੁਲ ਹਵਾ ਵਿਚ ਲਟਕੇ ਹੋਏ ਹਨ। ਇੰਦਰਾ ਗਾਂਧੀ ਦੀ ਹਤਿਆ ਦੇ ਬਾਅਦ ਜਿਹੜੀ ਦਿੱਲੀ ਵਿਚ ਕਤਲੇਆਮ ਹੋਈ, ਉਸ ਬਾਰੇ ਨਾਟਕ 'ਬਾਬਾ ਬੋਲਦਾ ਹੈ' ਕਾਫੀ ਮਕਬੂਲ ਹੋਇਆ। ਉਸ ਵਿਚ ਮੈਂ ਦਿੱਲੀ ਬੈਠੇ ਕਾਂਗਰਸੀ ਹਾਕਮਾਂ ਦੇ ਦੰਭ ਨੂੰ ਨੰਗਾ ਕੀਤਾ ਅਤੇ ਨਾਲ ਹੀ ਜਥੇਦਾਰਾਂ ਉਤੇ ਇਹ ਇਲਜ਼ਾਮ ਦੀ ਉਂਗਲ ਰਖੀ ਕਿ ਉਹਨਾਂ ਦੀਆਂ ਗਲਤ ਨੀਤੀਆਂ ਕਰਕੇ ਹੀ ਸਾਧਾਰਨ ਸਿਖਾਂ ਦੀ ਇਹ ਹਾਲਤ ਹੋਈ ਹੈ। ਉਸ ਵਿਚ ਆਨੰਦਪੁਰ ਸਾਹਿਬ ਰੇਜ਼ੂਲੇਸ਼ਨ ਬਾਰੇ ਮੇਰੀ ਇਹ ਟਿਪਣੀ ਸੀ ਕਿ ਧਰਤੀ ਦਾ ਐਸਾ ਟੋਟਾ ਨਾ ਮੰਗੋ ਜਿਥੇ ਸਿਖਾਂ ਦਾ ਬੋਲਬਾਲਾ ਹੋਵੇ ਸਗੋਂ ਸਾਰਾ ਹਿੰਦੋਸਤਾਨ ਮੰਗੋ ਜਿਥੇ ਕ੍ਰਿਤੀਆਂ ਦਾ ਬੋਲਬਾਲਾ ਹੋਵੇ। ਗਵਰਨਰੀ ਰਾਜ ਵਿਚ ਇਹ ਨਾਟਕ ਜਦੋਂ ਕਿਸੇ ਗਰੁੱਪ ਵਲੋਂ ਚੰਡੀਗੜ੍ਹ ਖੇਡਿਆ ਗਿਆ ਤਾਂ ਕਾਂਗਰਸੀ ਹਾਕਮਾਂ ਨੇ ਇਸ ਉਤੇ ਪਾਬੰਦੀ ਲਗਾ ਦਿਤੀ। ਰਾਜੀਵ ਲੌਂਗੋਵਾਲ ਸਮਝੌਤੇ ਬਾਅਦ ਮੈਂ ਨਾਟਕ 'ਕੁਲਾਜ ਤੇਰਾ ਨਾਮ ਪੰਜਾਬ' ਲਿਖਿਆ ਇਸ ਵਿਚ ਜਿਥੇ ਇਸ ਸਮਝੌਤੇ ਨੂੰ ਜੀ ਆਇਆਂ ਆਖਿਆ ਗਿਆ, ਉਥੇ ਇਹ ਟਿਪਣੀ ਵੀ ਕੀਤੀ ਜੇਕਰ ਇਹ ਸਮਝੌਤਾ 1985 ਦੀ ਥਾਂ 1981, 82, 83 ਜਾਂ 84 ਵਿਚ ਹੋ ਜਾਂਦਾ ਤਾਂ ਸਾਰੀ ਤਬਾਹੀ ਜੋ ਹੋਈ ਉਹ ਨਾ ਹੁੰਦੀ। ਇਸ ਸਮਝੌਤੇ ਵਿਚ ਕੋਈ ਵੀ ਐਸੀ ਧਾਰਾ ਨਹੀਂ ਸੀ, ਜਿਸ ਬਾਰੇ ਫੈਸਲਾ ਪਹਿਲੇ ਨਹੀਂ ਹੋ ਸਕਦਾ ਸੀ। ਜਦੋਂ ਬਰਨਾਲਾ ਦੀ ਵਜ਼ਾਰਤ ਬਣੀ ਤੇ ਉਸ ਵਿਚ ਸੁਖਜਿੰਦਰ ਸਿੰਘ ਵਿਦਿਆ ਮੰਤਰੀ ਬਣਿਆ। ਇਹ ਸੁਖਜਿੰਦਰ ਸਿੰਘ ਉਹੋ ਸੀ ਜੋ ਤਿੰਨ ਸਾਲ ਪਹਿਲੇ ਸਾਰਿਆਂ ਨਾਲੋਂ ਵੱਧ ਖਾਲਿਸਤਾਨੀ ਸੀ ਤੇ ਜਿਸ ਦੀਆਂ ਅੱਗ ਵਰਾਉਂਦੀਆਂ ਤਕਰੀਰਾਂ ਕਈ ਨੌਜਵਾਨਾਂ ਨੂੰ ਦਹਿਸ਼ਤਗਰਦੀ ਦੇ ਰਾਹ ਤੇ ਲਿਆਈਆਂ ਸਨ, ਹੁਣ ਉਹਦਾ ਵਜ਼ਾਰਤ ਵਿਚ ਆਉਣਾ ਤੇ ਕੌਮੀ ਏਕਤਾ ਬਾਰੇ ਗੱਲਾਂ ਕਰਨੀਆਂ ਬੜਾ ਭਾਰੀ ਰਾਜਸੀ ਦੰਭ ਸੀ। ਇਸ ਬਾਰੇ ਮੈਂ ਆਪਣਾ ਬਹੁ ਚਰਚਿਤ ਨਾਟਕ 'ਮੈਂ ਉਗਰਵਾਦੀ ਨਹੀਂ ਹਾਂ' ਲਿਖਿਆ। ਇਹ ਇਕ ਨੌਜਵਾਨ ਦੀ ਕਹਾਣੀ ਸੀ, ਜੋ ਹਰਿਮੰਦਰ ਸਾਹਿਬ ਆ ਕੇ ਭਿੰਡਰਾਂਵਾਲਾ ਦਾ ਸਹਿਯੋਗੀ ਬਣਿਆ। ਓਪਰੇਸ਼ਨ ਬਲਿਊ ਸਟਾਰ ਬਾਅਦ ਉਹਨੇ ਬੜੇ ਤਸੀਹੇ ਝੱਲੇ। ਇਕ ਲੱਤ ਵੀ ਉਹਦੀ ਤੋੜ ਦਿਤੀ ਗਈ। ਹੁਣ ਉਹ ਜਦੋਂ ਸੁਖਜਿੰਦਰ ਸਿੰਘ ਨੂੰ ਦੇਸ਼ ਏਕਤਾ ਦੀ ਗੱਲ ਕਰਦਾ ਅਤੇ ਨੌਜਵਾਨਾਂ ਨੂੰ ਇਹ ਨਸੀਹਤ ਦੇਂਦਾ ਸੁਣਦਾ ਹੈ ਕਿ ਉਹਨਾਂ ਨੂੰ ਉਗਰਵਾਦ ਦਾ ਰਾਹ ਛੱਡ ਦੇਣਾ ਚਾਹੀਦਾ ਹੈ ਤਾਂ ਉਹ ਜਲਸੇ ਵਿਚ ਹੀ ਕੂਕ ਉਠਦਾ ਹੈ ਕਿ ਅਸੀਂ ਉਗਰਵਾਦੀ ਨਹੀਂ ਹਾਂ, ਉਗਰਵਾਦੀ ਤੂੰ ਏਂ। ਪੁਲਸ ਉਸ ਉਤੇ ਝਪਟਦੀ ਹੈ ਕਿ ਫੜ ਲਓ ਇਹ ਉਗਰਵਾਦੀ ਹੈ ਤਾਂ ਉਹ ਦੌੜਦਾ ਹੋਇਆ ਕਹਿੰਦਾ ਹੈ ਕਿ ਮੈਂ ਉਗਰਵਾਦੀ ਨਹੀਂ ਹਾਂ। ਮੈਂ ਇਸ ਨਾਟਕ ਵਿਚ ਜਿਹੜਾ ਪਾਤਰ ਮੰਤਰੀ ਹੈ, ਉਹਦਾ ਨਾਂ ਵੀ ਬਾਕਾਇਦਾ ਸੁਖਜਿੰਦਰ ਸਿੰਘ ਹੀ ਰਖਿਆ ਤਾਂ ਜੋ ਕੋਈ ਭੁਲੇਖਾ ਨਾ ਰਵੇ ਕਿ ਮੈਂ ਗੱਲ ਕਿਸ ਦੇ ਬਾਰੇ ਕਰ ਰਿਹਾ ਹਾਂ। ਹੁਣ ਅੱਜ ਕੱਲ ਜੋ ਕੁਝ ਵਾਪਰ ਰਿਹਾ ਹੈ, ਉਹਦੇ ਬਾਰੇ ਤਿੰਨ ਨਾਟਕ ਲਿਖੇ ਹਨ — 'ਚੰਡੀਗੜ੍ਹ ਪੁਆੜੇ ਦੀ ਜੜ', 'ਕਰਫਿਊ' ਅਤੇ 'ਸ਼ਰਨਾਰਥੀ'। ਇਹਨਾਂ ਤਿੰਨਾਂ ਨਾਟਕਾਂ ਵਿਚ ਮੈਂ ਸਾਧਾਰਨ ਮਨੁੱਖਾਂ ਦਾ ਦੁੱਖ ਦੱਸਿਆ ਹੈ ਜੋ ਦੰਭੀ ਰਾਜਨੀਤੀ ਦਾ ਸ਼ਿਕਾਰ ਹੋਏ ਹਨ। ਉਹਨਾਂ ਨੂੰ ਮੈਂ ਸੱਦਾ ਦਿਤਾ ਹੈ ਕਿ ਜਿੰਨਾ ਚਿਰ ਉਹ ਇਸ ਰਾਜਨੀਤੀ ਦੇ ਵਿਰੁੱਧ ਬਗਾਵਤ ਨਹੀਂ ਕਰਨਗੇ ਉਹ ਇਸੇ ਤਰ੍ਹਾਂ ਮਰਦੇ ਰਹਿਣਗੇ, ਘਰੋਂ ਬੇ-ਘਰ ਹੁੰਦੇ ਰਹਿਣਗੇ।

? ਤੁਹਾਡੀ ਗੋਲਮੇਜ਼ ਸਮਝੌਤੇ ਦੀ ਤਜਵੀਜ਼ ਵੱਲ ਆਂਦੇ ਹਾਂ। ਸਮਝੌਤੇ ਦੀਆਂ ਗੱਲਾਂ ਪਹਿਲੇ ਵੀ ਹੋਈਆਂ, ਹੁਣ ਕੀ ਗਰੰਟੀ ਹੈ ਕਿ ਉਹ ਕਾਮਯਾਬ ਹੋ ਜਾਣਗੀਆਂ।

— ਗਰੰਟੀ ਕੋਈ ਨਹੀਂ ਪਰ ਮਸਲਾ ਕੋਈ ਵੀ ਹੋਵੇ ਭਾਵੇਂ ਅੰਤਰਰਾਸ਼ਟਰੀ ਹੋਵੇ, ਭਾਵੇਂ ਰਾਸ਼ਟਰੀ ਹੋਵੇ ਤੇ ਭਾਵੇਂ ਪੰਜਾਬ ਦਾ ਹੋਵੇ, ਅਖੀਰ ਉਹਦਾ ਹਲ ਤਾਂ ਸਮਝੌਤੇ ਵਾਲੀ ਮੇਜ਼ ਤੇ ਹੀ ਹੋਣਾ ਹੈ। ਅਮਰੀਕਾ ਰੂਸ ਹਰ ਤੀਜੇ ਚੌਥੇ ਮਹੀਨੇ ਕਿਸੇ ਨਾ ਕਿਸੇ ਥਾਂ ਤੇ ਜਾਂ ਕਿਸੇ ਨਾ ਕਿਸੇ ਬਹਾਨੇ ਗੱਲਬਾਤ ਕਰਦੇ ਹਨ। ਜ਼ਰੂਰੀ ਨਹੀਂ ਕਿ ਗੱਲਬਾਤ ਸਫਲ ਹੋਏ ਪਰ ਦਰਵਾਜ਼ੇ ਕਦੀ ਵੀ ਬੰਦ ਨਹੀਂ ਕੀਤੇ ਜਾ ਸਕਦੇ। ਪੰਜਾਬ ਦੇ ਮਸਲੇ ਬਾਰੇ ਦਰਵਾਜ਼ੇ ਕਿਸ ਤਰ੍ਹਾਂ ਬੰਦ ਕੀਤੇ ਜਾ ਸਕਦੇ ਹਨ? ਉਂਜ ਹੁਣ ਰਾਜੀਵ ਨੂੰ ਅਤੇ ਬਰਨਾਲਾ ਨੂੰ ਵੀ ਏਲਾਨੀਆਂ ਮੰਨ ਲੈਣਾ ਚਾਹੀਦਾ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤਾ ਖਤਮ ਹੋ ਗਿਆ ਹੈ ਤੇ ਮਰੇ ਹੋਏ ਘੋੜੇ ਨੂੰ ਚਾਬਕਾਂ ਮਾਰੀਆਂ ਜਾਣੀਆਂ ਕੋਈ ਅਕਲਮੰਦੀ ਨਹੀਂ। ਹੁਣ ਨਵੇਂ ਸਮਝੌਤੇ ਦੀ ਲੋੜ ਹੈ ਤੇ ਉਹ ਸਰਵਪੱਖੀ ਹੋਣਾ ਚਾਹੀਦਾ ਹੈ।

? ਅਸੀਂ ਸੁਣਿਆ ਹੈ ਕਿ ਤੁਸੀਂ ਪੰਜਾਬ ਵਿਚ ਕੋਈ ਇਨਕਲਾਬੀ ਕੇਂਦਰ ਬਨਾਉਣ ਦੀ ਸੋਚ ਰਹੇ ਹੋ, ਇਹਦੇ ਬਾਰੇ ਚਾਨਣਾ ਪਾਓ।

— ਮੈਂ ਨਹੀਂ ਸੋਚ ਰਿਹਾ, ਸਗੋਂ ਅਸੀਂ ਬਹੁਤ ਸਾਰੇ ਸੋਚ ਰਹੇ ਹਾਂ ਕਿ ਪੰਜਾਬ ਵਿਚ ਇਕ ਕੇਂਦਰ ਐਸਾ ਹੋਣਾ ਚਾਹੀਦਾ ਹੈ, ਜੋ ਪੰਜਾਬ ਵਿਚ ਇਨਕਲਾਬੀ ਸਿਆਸਤ ਨੂੰ ਅੱਗੇ ਲੈ ਕੇ ਜਾਏ। ਇਨਕਲਾਬੀ ਸਿਆਸਤ ਤੋਂ ਮੇਰਾ ਭਾਵ ਹੈ ਕਿ ਉਹ ਸਿਆਸਤ ਜੋ ਐਸਾ ਸਮਾਜ ਬਨਾਉਣ ਲਈ ਵਚਨਬੱਧ ਹੋਵੇ ਜਿਸਦਾ ਅਧਾਰ ਸਮਾਜਕ ਇਨਸਾਫ ਹੋਵੇ। ਵੀਹਵੀਂ ਸਦੀ ਦਾ ਅਖੀਰ ਆ ਗਿਆ ਹੈ। ਮਨੁੱਖ ਚੰਨ ਤੱਕ ਪੁਜ ਗਿਆ ਹੈ। ਕੋਈ ਕਾਰਨ ਨਹੀਂ ਕਿ ਕਿਸੇ ਵੀ ਦੇਸ਼ ਦੀ ਅੱਧੀ ਵਸੋਂ ਭੁੱਖਮਰੀ ਦੇ ਪੱਧਰ ਦੇ ਥੱਲੇ ਜੀਵੇ, ਕੋਈ ਕਾਰਨ ਨਹੀਂ ਕਿ ਦੇਸ਼ ਦੇ ਇਕ ਚੌਥਾਈ ਪਿੰਡਾਂ ਵਿਚ ਪੀਣ ਵਾਲਾ ਪਾਣੀ ਵੀ ਨਾ ਮੁਹੱਈਆ ਕੀਤਾ ਜਾ ਸਕੇ। ਤੇ ਹੋਰ ਕਿੰਨੀਆਂ ਗੱਲਾਂ ਜਿਨ੍ਹਾਂ ਨੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਹੈ। ਸਮਾਜਕ ਇਨਸਾਫ ਸਾਰੇ ਲੋਕਾਂ ਨੂੰ ਤਾਂ ਹੀ ਮਿਲ ਸਕਦਾ ਹੈ, ਜੇਕਰ ਇਹ ਹੁਣ ਵਾਲੇ ਨਿਜ਼ਾਮ ਨੂੰ ਖਤਮ ਕੀਤਾ ਜਾਏ ਜਿਸਦੀਆਂ ਜੜ੍ਹਾਂ ਹੀ ਸਮਾਜਕ ਬੇਇਨਸਾਫੀ, ਅਮੀਰ ਗਰੀਬ ਵਿਚ ਵਿਤਕਰੇ ਅਤੇ ਊਚ ਨੀਚ ਦੇ ਸਿਧਾਂਤ ਉਤੇ ਕਾਇਮ ਹਨ। ਇਹ ਨਿਜ਼ਾਮ ਖਤਮ ਤਾਂ ਹੀ ਹੋ ਸਕਦਾ ਹੈ ਜੇਕਰ ਸਾਧਾਰਨ ਲੋਕਾਂ ਵਿਚ ਇਸ ਗੱਲ ਦੀ ਚੇਤਨਤਾ ਲਿਆਂਦੀ ਜਾਏ ਕਿ ਜਿਹੜੀ ਜ਼ਿੰਦਗੀ ਉਹ ਜੀ ਰਹੇ ਹਨ ਉਹ ਵੀਹਵੀਂ ਸਦੀ ਵਿਚ ਮਨੁੱਖ ਦੇ ਜੀਣ ਦੇ ਕਾਬਿਲ ਨਹੀਂ ਅਤੇ ਇਹਨੂੰ ਬਦਲਨਾ ਹੈ। ਪਰ ਬਦਲ ਇਹ ਤਾਂ ਹੀ ਸਕਦੀ ਹੈ ਜੇਕਰ ਸੰਘਰਸ਼ ਸਹੀ ਦਿਸ਼ਾ ਵੱਲ ਕੀਤੇ ਜਾਣੇ। ਇਨਕਲਾਬ ਕੇਂਦਰ ਦਾ ਇਹੀ ਨਿਸ਼ਾਨਾ ਹੈ। ਪੰਜਾਬ ਵਿਚ ਇਸ ਕੇਂਦਰ ਦੀ ਹੋਰ ਵੀ ਲੋੜ ਹੈ ਕਿਉਂਕਿ ਇਥੇ ਧਾਰਮਕ ਜਨੂੰਨ ਦੀ ਧੁੰਦ ਵਿਚ ਦਿਸ਼ਾ ਹੋਰ ਵੀ ਧੁੰਦਲੀ ਹੋ ਗਈ ਹੈ। ਪਿਛਲੇ ਦੌਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਬੜੇ ਔਖੇ ਹਾਲਾਤ ਵਿਚ ਵੀ ਪੰਜਾਬ ਦੇ ਇਨਕਲਾਬੀ ਕੇਡਰ ਨੇ ਬੜੀ ਦ੍ਰਿੜਤਾ ਨਾਲ ਇਕ ਪਾਸੇ ਹਕੂਮਤ ਦੀਆਂ ਫਾਸ਼ੀ ਨੀਤੀਆਂ ਵਿਰੁਧ ਅਤੇ ਦੂਜੇ ਪਾਸੇ ਧਾਰਮਕ ਦਹਿਸ਼ਤਗਰਦੀ ਵਿਰੁਧ ਸੰਘਰਸ਼ ਕੀਤਾ ਹੈ। ਇਕ ਕੇਂਦਰ ਦਾ ਮਤਲਬ ਇਹਨਾਂ ਸ਼ਕਤੀਆਂ ਨੂੰ ਇਕ ਥਾਂ ਇਕੱਠਾ ਕਰਨਾ ਹੈ ਤਾਂ ਜੋ ਉਹ ਆਪਣੇ ਸੂਬੇ ਅਤੇ ਦੇਸ਼ ਦੇ ਹਾਲਾਤ ਵਿਚ ਅਸਰਦਾਇਕ ਤਰੀਕੇ ਨਾਲ ਦਖਲਅੰਦਾਜ਼ੀ ਕਰ ਸਕਣ।

? ਇਸ ਕੇਂਦਰ ਦੀ ਰੂਪ ਰੇਖਾ ਕੀ ਹੋਵੇਗੀ?

— ਇਸਦਾ ਫੈਸਲਾ ਤਾਂ 9 ਨਵੰਬਰ ਦੀ ਕਾਨਫਰੰਸ ਵਿਚ ਹੀ ਹੋਵੇਗਾ ਜੋ ਦੇਸ਼ ਭਗਤ ਹਾਲ ਜਲੰਧਰ ਵਿਚ ਬੁਲਾਈ ਗਈ ਹੈ। ਕੀ ਇਹ ਘੱਟ ਤੋਂ ਘੱਟ ਨਿਸ਼ਾਨੇ ਮਿਥ ਕੇ ਸਾਂਝੀਆਂ ਕਾਰਵਾਈਆਂ ਦਾ ਕੇਂਦਰ (Action Based Centre) ਹੋਵੇ ਜਾਂ ਸਾਂਝੀ ਸਿਆਸਤ ਦੀ ਕਾਰਵਾਈ (Joint Political Action) ਦਾ ਕੇਂਦਰ ਹੋਵੇ। ਇਹ ਫੈਸਲਾ ਕਰਨਾ ਹੈ। ਇਸ ਬਾਰੇ ਆਪਸੀ ਵਿਚਾਰ ਵਟਾਂਦਰਾ ਹੋ ਰਿਹਾ ਹੈ। ਮੇਰੀ ਪਹਿਲ ਕਦਮੀ ਇਸ ਕਾਨਫਰੰਸ ਦੇ ਪ੍ਰਬੰਧ ਤੱਕ ਹੀ ਸੀਮਤ ਹੈ। ਅਸਲੀ ਰੂਪ ਰੇਖਾ ਕਾਨਫਰੰਸ ਵਿਚ ਹਾਜ਼ਰ ਲੋਕ ਹੀ ਮਿਥ ਸਕਣਗੇ।

? ਕੋਈ ਅਖੀਰਲੀ ਗੱਲ ਜੋ ਤੁਸੀਂ ਕਹਿਣਾ ਚਾਹੋਗੇ

— ਅਖੀਰਲੀ ਗੱਲ ਪਹਿਲੀਆਂ ਕਹੀਆਂ ਗੱਲਾਂ ਦਾ ਸੰਖੇਪ ਹੀ ਹੋ ਸਕਦੀ ਹੈ। ਪੰਜਾਬ ਦਾ ਮਸਲਾ ਹੁਣ ਕੁਝ ਸਿੱਖ ਮੰਗਾਂ ਦਾ ਮਸਲਾ ਨਹੀਂ। ਇਹ ਜ਼ਖਮੀ ਸਿੱਖ ਮਾਨਸਕਤਾ ਦਾ ਮਸਲਾ ਹੈ। ਇਹ ਜ਼ਖਮ ਕੁਝ ਉਹਨਾਂ ਵਲੋਂ ਆਪ ਲਗਾਏ ਗਏ ਹਨ। (Self Inflicted) ਤੇ ਕੁਝ ਸਰਕਾਰ ਵਲੋਂ ਇਸ ਮਸਲੇ ਨੂੰ ਗ਼ਲਤ ਤਰੀਕੇ ਨਾਲ ਨਜਿੱਠਣ ਕਰਕੇ ਲੱਗੇ ਹਨ। ਸਿਖ ਮਾਨਸਕਤਾ ਨੂੰ ਸਰਕਾਰ ਵਲੋਂ ਦੋ ਤਿੰਨ ਮੰਗਾਂ ਮੰਨੇ ਜਾਣ ਤੇ ਸਹੀ ਲੀਹਾਂ ਤੇ ਲਿਆਇਆ ਜਾ ਸਕਦਾ ਹੈ। ਜੋਧਪੁਰ ਦੇ ਕੈਦੀਆਂ ਰਿਹਾਈ, ਸਾਬਕਾ ਫੌਜੀਆਂ ਦੀ ਫੌਜ ਜਾਂ ਹੋਰਨਾਂ ਸੂਬਿਆਂ ਵਿਚ ਬਹਾਲੀ ਅਤੇ ਭਗਤ ਵਰਗੇ ਵਜ਼ੀਰ ਨੂੰ ਲਾਂਭੇ ਕਰਨ ਨਾਲ। ਇਹ ਮੰਗਾਂ ਸਰਕਾਰ ਲਈ ਮੰਨਣੀਆਂ ਔਖੀਆਂ ਨਹੀਂ ਜੇ ਐਵੇਂ ਝੂਠੇ ਵਕਾਰ ਤੇ ਨਾ ਖਲੋਤਾ ਜਾਏ ਅਤੇ ਦੇਸ਼ ਦੀ ਏਕਤਾ, ਜਿਸਦੀ ਸਰਕਾਰ ਵਲੋਂ ਦੁਹਾਈ ਪਾਈ ਜਾਂਦੀ ਹੈ, ਉਹਦਾ ਖਿਆਲ ਰਖਿਆ ਜਾਏ। ਮੌਜੂਦਾ ਹਾਲਾਤ ਵਿਚ ਪੰਜਾਬ ਦਾ ਮਸਲਾ ਇਕ ਸਰਵਪੱਖੀ ਗੋਲਮੇਜ਼ ਕਾਨਫਰੰਸ ਨਾਲ ਹੀ ਨਜਿਠਿਆ ਜਾ ਸਕਦਾ ਹੈ, ਜਿਸ ਵਿਚ ਕੇਂਦਰ ਦੇ ਨਾਲ ਸਿਖਾਂ ਦੀਆਂ ਉਹ ਧਿਰਾਂ ਜਿਹੜੀਆਂ ਏਲਾਨੀਆਂ ਖਾਲਿਸਤਾਨ ਦੀਆਂ ਹਾਮੀ ਨਹੀਂ, ਹਿੰਦੂਆਂ ਦੀਆਂ ਸੰਬੰਧਿਤ ਧਿਰਾਂ ਅਤੇ ਹਰਿਆਣੇ ਦੇ ਨੁਮਾਇੰਦੇ ਹੋਣ। ਇਸ ਕੰਮ ਲਈ ਸੁਝਾਅ ਅਤੇ ਪਹਿਲ ਕਦਮੀ ਪਾਰਲੀਮੈਂਟ ਦੇ ਮੈਂਬਰਾਂ ਵਲੋਂ ਆਉਣੀ ਚਾਹੀਦੀ ਹੈ। ਇਹ ਗੋਲਮੇਜ਼ ਕਾਨਫਰੰਸ ਖੁਲ੍ਹੇ ਤੌਰ ਤੇ ਲੋਕਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਕੀਤੀ ਜਾਏ। ਅੱਧੀ ਰਾਤ ਦੀਆਂ ਗੁਪਤ ਮੀਟਿੰਗਾਂ ਵਿਚ ਨਾ ਕੀਤੀ ਜਾਏ। ਪੰਜਾਬ ਵਿਚ ਹਿੰਦੂਆਂ ਦਾ ਅਤੇ ਪੰਜਾਬ ਤੋਂ ਬਾਹਰ ਸਿਖਾਂ ਦਾ ਅਣਖ ਨਾਲ ਜੀਣ ਦਾ ਹੱਕ ਹੈ। ਜਿਹੜੀਆਂ ਤਾਕਤਾਂ ਉਹਨਾਂ ਕੋਲੋਂ ਇਹ ਹੱਕ ਖੋਹਣੇ ਚਾਹੁੰਦੀਆਂ ਹਨ, ਉਹਨਾਂ ਨਾਲ ਬੜੀ ਸਖਤੀ ਨਾਲ ਨਜਿਠਿਆ ਜਾਏ। ਬੇਗੁਨਾਹਾਂ ਦੇ ਕਤਲ ਗੈਰ-ਇਨਸਾਨੀ ਹਰਕਤਾਂ ਹਨ। ਇਹ ਕਦੇ ਵੀ ਮੁਆਫ ਨਹੀਂ ਕੀਤੇ ਜਾ ਸਕਦੇ। ਇਹ ਕਤਲ ਭਾਵੇਂ ਸਟੇਟ ਦਹਿਸ਼ਤਗਰਦੀ ਥਲੇ ਕੀਤੇ ਜਾਣ ਤੇ ਭਾਵੇਂ ਨਿਜੀ ਦਹਿਸ਼ਤਗਰਦੀ ਥੱਲੇ ਕੀਤੇ ਜਾਣ, ਕਿਸੇ ਵੀ ਦਲੀਲ ਨਾਲ ਜਾਇਜ਼ ਨਹੀਂ

(ਬਾਕੀ ਪੰਨਾ 15 ਉਤੇ)

ਸਾਹਿਤ ਦਰਪਣ

ਕਹਾਣੀ

ਦੋ ਦਿਨ

ਮਹਿੰਦਰ ਸਿੰਘ ਜੋਸ਼ੀ

ਅਸੀਂ ਉਪਰ ਜਾ ਰਹੇ ਹਾਂ। ਟੈਕਸੀ ਦਾ ਇੰਜਨ ਵਿਸਮਾਦ ਵਿਚ ਗੁਣਗੁਣਾ ਰਿਹਾ ਹੈ। ਚੀਹਲਾਂ ਦੇ ਖਿਲਾਰ ਮਸਤੀਆਂ ਨਾਲ ਝੂੰਮ ਰਹੇ ਹਨ। ਪਹਾੜੀਆਂ ਦੀਆਂ ਕੰਵਾਰੀਆਂ ਗਲ੍ਹਾਂ ਅਪਾਰ ਖੁਸ਼ੀ ਦੇ ਹੰਝੂਆਂ ਨਾਲ ਸਿੱਜੀਆਂ ਹੋਈਆਂ ਹਨ। ਸੱਪਣੀ ਵਰਗੀ ਲੰਮੀ ਕਾਲੀ ਸੜਕ ਠੰਢਾਂ ਦੇ ਸੁਆਦ ਵਿਚ ਅਡੋਲ ਲੇਟੀ ਹੋਈ ਹੈ। ਮੈਂ ਦੇਖਦਿਆਂ ਵੀ ਇਹ ਸੁੰਦਰ ਸੁਪਨਮਈ ਦਰਿਸ਼ ਨਹੀਂ ਦੇਖ ਰਿਹਾ। ਕਿਸੇ ਦੀ ਨੂਰ ਨੁੱਚੜੀ ਹੋਂਦ ਨੇ ਮੇਰੀ ਸੁਝ ਚੁੰਧਿਆ ਦਿਤੀ ਹੈ।

ਕਾਰ ਵਿਚ ਭਰੀ ਉਹਦੇ ਵਾਲਾਂ ਦੀ ਮਿੱਠੀ ਸੁਗੰਧ ਭੁਲੇਖਾ ਪਾਉਂਦੀ ਹੈ ਕਿ ਇੰਜਨ ਵਿਚ ਪਟਰੋਲ ਨਹੀਂ ਕਿਉੜੇ ਦਾ ਇਤਰ ਸੜ ਰਿਹਾ ਹੈ। ਵਿਚਕਾਰ ਵਿੱਥ ਹੁੰਦਿਆਂ ਵੀ ਮੈਨੂੰ ਉਹਦੀ ਨਿਕਟਤਾ ਦਾ ਨਿੱਘ ਅਨੁਭਵ ਹੋ ਰਿਹਾ ਹੈ। ਉਹਦੀ ਬਿਸਕੁਟੀ ਸਾੜ੍ਹੀ ਦਾ ਪੱਲਾ ਬਾਰ ਬਾਰ ਉਡਦਾ ਹੈ ਤੇ ਮੇਰੀਆਂ ਬੇਕਰਾਰ ਅੱਖਾਂ ਦਾ ਫੇਹਾ ਬਣ ਜਾਂਦਾ ਹੈ। ਉਹਦੀਆਂ ਨਜ਼ਰਾਂ ਦੀ ਬੇਪਰਵਾਹੀ ਵਿਚ ਵੀ ਇਕ ਅਣੋਖੀ ਅਪਣੱਤ ਹੈ।

ਪਹਾੜ ਦੀ ਉਚਾਈ ਵਧ ਰਹੀ ਹੈ, ਤੇ ਸੜਕ ਦੇ ਮੋੜ ਛੋਟੇ ਹੁੰਦੇ ਜਾ ਰਹੇ ਹਨ। ਮੈਨੂੰ ਉਹਦੇ ਹਸਦੇ ਚਿਹਰੇ ਤੇ ਹੁਣ ਘਬਰਾਹਟ ਦੀ ਪਤਲੀ ਜਿਹੀ ਛਾਂ ਦਿਸਦੀ ਹੈ। "ਮੇਰਾ ਖਿਆਲ ਹੈ ਤੁਸੀਂ ਜ਼ਰਾ ਲੇਟ ਜਾਓ", ਮੈਂ ਕਹਿੰਦਾ ਹਾਂ, ਤੇ ਆਪਣੀ ਸੀਟ ਉਹਦੇ ਲਈ ਵਿਹਲੀ ਕਰ ਦਿੰਦਾ ਹਾਂ। ਉਹਦੀਆਂ ਪੁਤਲੀਆਂ ਵਿਚ ਨਿਮ੍ਰਤਾ ਭਰਿਆ ਧੰਨਵਾਦ ਮੈਨੂੰ ਕਿਸੇ ਬਾਦਸ਼ਾਹਤ ਦੀ ਮਲਕੀਅਤ ਬਖਸ਼ ਦਿੰਦਾ ਹੈ। ਮੈਂ ਉਹਦੇ ਕਦਮਾਂ ਵਿਚ ਟਾਟ ਤੇ ਬੈਠ ਜਾਂਦਾ ਹਾਂ। ਪਰ ਸ਼ਾਹਜਹਾਨ ਨੂੰ ਪਹਿਲੀ ਵਾਰ ਤਖਤੇ ਤਾਊਸ ਤੇ ਬੈਠ ਕੇ ਮੇਰੇ ਜਿੰਨਾ ਸੁਆਦ ਨਹੀਂ ਆਇਆ ਹੋਣਾ।

* * * *

ਮੈਂ ਆਪਣੇ ਵਾਸਤੇ ਚਾਹ ਦੀ ਦੂਜੀ ਪਿਆਲੀ ਬਣਾ ਰਿਹਾ ਸਾਂ ਕਿ ਕਿਸੇ ਨੇ ਬੂਹੇ ਨੂੰ ਦਸਤਕ ਦਿਤੀ। ਮੇਰੀ ਜ਼ਬਾਨ ਦੇ ਹਰਕਤ ਵਿਚ ਆਉਣ ਤੋਂ ਪਹਿਲਾਂ ਉਹ ਅੰਦਰ ਆ ਕੇ ਕੁਰਸੀ ਤੇ ਬੈਠ ਗਈ। "ਮੈਨੂੰ ਨਹੀਂ ਸੀ ਪਤਾ ਤੁਸੀਂ ਏਨੀ ਛੇਤੀ ਜਾਗ ਪੈਂਦੇ ਹੋ", ਮੈਂ ਬਹਾਨਾ ਬਣਾਇਆ। ਮੈਂ ਹੋਰ ਪਿਆਲੀ ਮੰਗਵਾਉਣ ਲਈ ਬੈਹਰੇ ਨੂੰ ਆਵਾਜ਼ ਦੇਣ ਦੀ ਸੋਚ ਰਿਹਾ ਸਾਂ ਕਿ ਉਹਨੇ ਸ਼ੂਗਰ ਪੌਟ ਵਿਚ ਚਾਹ ਦੁੱਧ ਪਾ ਕੇ ਚਮਚਾ ਹਿਲਾਉਣਾ ਸ਼ੁਰੂ ਕਰ ਦਿਤਾ। ਉਹਦੀਆਂ ਭਵਾਂ ਵਿਚਕਾਰ ਓਸ ਵਰਗਾ ਪਸੀਨੇ ਦਾ ਨਿੱਕਾ ਜਿਹਾ ਤੁਪਕਾ ਦੇਖਿਆ ਤਾਂ ਮੈਂ ਉਹਨੂੰ ਬਾਲਕਨੀ ਵਿਚ ਲੈ ਆਇਆ।

ਹੋਟਲ ਦੀਆਂ ਛੱਤਾਂ ਦੀਆਂ ਚਾਦਰਾਂ ਤੇ ਪਤਲੀਆਂ ਪਤਲੀਆਂ ਕਣੀਆਂ ਦੀ ਟਿੱਪ ਟਿੱਪ ਬੜਾ ਮਿੱਠਾ ਜਿਹਾ ਸੰਗੀਤ ਪੈਦਾ ਕਰ ਰਹੀ ਹੈ। ਸਾਹਮਣੇ ਹਰ ਦਰਖਤ ਦੀਆਂ ਟਾਹਣੀਆਂ ਵਿਚੋਂ ਸ਼ਿਵਜੀ ਦੀਆਂ ਜਟਾਂ ਵਾਂਗੂੰ ਧੁੰਦ ਦੀ ਗੰਗਾ ਵਹਿ ਰਹੀ ਹੈ। ਇਕ ਚੋਟੀ ਤੇ ਬਣ ਰਹੀਆਂ ਤਰਬੇਣੀਆਂ ਮੈਂ ਗਿਣਨ ਦੀ ਕੋਸ਼ਿਸ਼ ਕਰਦਾ ਹਾਂ ਤੇ ਥੱਕ ਜਾਂਦਾ ਹਾਂ। ਅਸੀਂ ਚੁੱਪ ਚਾਪ ਖੜੇ ਹਾਂ। ਬਿਨਾਂ ਜਾਣੇ, ਬਿਨਾਂ ਸੋਚੇ, ਧੁੰਦਾਂ ਵਾਂਗ ਹੀ, ਸਾਡੀਆਂ ਰੂਹਾਂ ਇਕ ਦੂਜੀ ਵਿਚ ਘੁਲਦੀਆਂ ਜਾ ਰਹੀਆਂ ਹਨ, ਬੇ ਪਛਾਣ ਹੁੰਦੀਆਂ ਜਾ ਰਹੀਆਂ ਹਨ।

ਕਣੀਆਂ ਥੰਮ੍ਹ ਗਈਆਂ ਹਨ। ਰੇਡੀਓ ਤੇ ਦੁੱਰਾਨੀ ਦਾ ਗੀਤ ਵੱਜ ਰਿਹਾ ਹੈ, "ਅਪਨੀ ਮਹਿਫ਼ਿਲ ਮੇਂ ਫਿਰ ਇਕ ਬਾਰ ਚਲਾ ਆਨੇ ਦੇ।" 'ਉਹ ਮਰਦ ਕਿੰਨਾ ਸੰਗਾਲੂ ਹੈ', ਮੈਂ ਸੋਚਦਾ ਹਾਂ, 'ਕਿਸੇ ਦੀ ਮਹਿਫ਼ਿਲ ਵਿਚ ਦਾਖਲ ਹੋਣ ਲਈ ਕਿੰਨੀ ਆਜਜ਼ੀ ਨਾਲ ਆਗਿਆ ਮੰਗ ਰਿਹਾ ਹੈ। ਇਹ ਕੁੜੀ ਕਿੰਨੀ ਬੇਬਾਕ ਹੈ। ਬਿਨਾਂ ਪੁਛੇ ਬਿਨਾਂ ਦਸੇ, ਮੇਰੇ ਦਿਲ ਦੀਆਂ ਅੰਤਮ ਗਹਿਰਾਈਆਂ ਵਿਚ ਉਤਰ ਆਈ ਹੈ।'

* * * *

ਸਾਡੀ ਸੈਰ ਦਾ ਚੱਕਰ ਕੁਛ ਲੰਮਾ ਹੋ ਗਿਆ ਹੈ। ਹਵਾ ਦੀ ਵਧਦੀ ਸਿਲ੍ਹ ਆ ਰਹੀ ਬਾਰਸ਼ ਦੀ ਸੂਚਨਾ ਦੇ ਰਹੀ ਹੈ। ਮੈਂ ਬੱਦਲਾਂ ਵਲ ਤਕਦਾ ਹਾਂ ਤੇ ਕਦਮ ਲੰਮਾ ਕਰ ਲੈਂਦਾ ਹਾਂ। ਪਰ ਉਹਦੀ ਦਿਲ ਧੜਕਣ ਦੀ ਤੇਜ਼ੀ ਮੇਰੇ ਪੈਰਾਂ ਨੂੰ ਵਲੇਵਾਂ ਪਾ ਲੈਂਦੀ ਹੈ।

ਬਾਰਸ਼ ਉਹਦੀ ਵੀ ਰਿਐਤ ਕਰਨ ਲਈ ਤਿਆਰ ਨਹੀਂ। ਉਹਦੇ ਨਵੇਂ ਕਾਸ਼ਨੀ ਰੇਸ਼ਮੀ ਤੇ ਪੈਂਦੀ ਇਕ ਇਕ ਛਿੱਟ ਮੈਨੂੰ ਸੂਲਾਂ ਵਾਂਗ ਚੁਭਦੀ ਹੈ। ਮੈਂ ਆਪਣਾ ਕੋਟ ਉਹਦੇ ਮੋਢਿਆਂ ਤੇ ਪਾ ਦਿੰਦਾ ਹਾਂ। ਉਹ ਸਾੜ੍ਹੀ ਦੇ ਪੱਲੇ ਸੰਭਾਲਦੀ ਹੌਲੀ ਹੌਲੀ ਤੁਰਦੀ ਹੈ। ਮੈਂ ਭਿੱਜ ਰਿਹਾ ਹਾਂ। ਮੇਰੇ ਤਾਜ਼ੇ ਨ੍ਹਾਤੇ ਕੇਸਾਂ ਵਿਚੋਂ ਚਸ਼ਮੇ ਫੁੱਟ ਰਹੇ ਹਨ। 'ਇਹ ਕਿਹੜੇ ਨਕਸ਼ੱਤਰ ਦਾ ਮੀਂਹ ਹੈ', ਮੈਂ ਸੋਚਦਾ ਹਾਂ, 'ਜਿਹਦੀਆਂ ਕਣੀਆਂ ਨਾਲ ਮੇਰੀ ਸਦਾ ਵੀਰਾਨ ਆਤਮਾ ਵੀ ਖਿੜ ਉਠੀ ਹੈ।'

* * * *

ਉਹ ਮੈਨੂੰ ਅੰਗਰੇਜ਼ਾਂ ਦਾ ਕਬਰਿਸਤਾਨ ਦੇਖਣ ਲੈ ਆਈ ਹੈ। ਸੰਗ ਮਰਮਰ ਦੀਆਂ ਦੁੱਧ ਚਿੱਟੀਆਂ ਚਾਦਰਾਂ ਲਪੇਟ ਕੇ ਕਿੰਨੇ ਹੀ ਇਨਸਾਨ ਮੌਤ ਦੀ ਅਖੰਡ ਨੀਂਦ ਵਿਚ ਲੀਨ ਪਏ ਹਨ, ਕਾਲੇ ਕਾਲੇ ਲੋਹੇ ਦੇ ਸੰਗਲਾਂ ਤੇ ਤਿੱਖੇ ਤਿੱਖੇ ਗੁਲਾਬ ਦੇ ਕੰਡਿਆਂ ਦੇ ਪਹਿਰੇ ਵਿਚ। ਉਹ ਬਚ ਬਚ ਕੇ ਪੈਰ ਚੁਕਦੀ ਹੈ ਮਤਾਂ ਕਿਸੇ ਦੀ ਨੀਂਦ ਬੇਅਰਾਮ ਹੋ ਜਾਵੇ। 'ਕਿੰਨੀ ਭੋਲੀ ਹੈ ਇਹ', ਮੈਨੂੰ ਖਿਆਲ ਆਉਂਦਾ ਹੈ, 'ਇਹਨੂੰ ਕੀ ਪਤਾ ਏਸ ਕਬਰਿਸਤਾਨ ਵਿਚ ਅਨੇਕਾਂ ਸਿਲਾਂ ਕਿਸੇ ਦੇ ਪਵਿੱਤਰ ਚਰਨਾਂ ਦੀ ਛੋਹ ਲਈ ਅਹਲਿਆ ਤੋਂ ਵੀ ਬਹੁਤੀਆਂ ਬਿਹਬਲ ਹਨ।'

ਕਦੇ ਉਹ ਕਿਸੇ ਕੀਮਤੀ ਸਫੇਦ ਸਿਲ ਤੇ ਉਕਰੇ ਕਾਲੇ ਉਦਾਸ ਸ਼ਬਦ ਪੜ੍ਹਨ ਲਈ ਰੁਕ ਜਾਂਦੀ ਹੈ, ਕਦੇ ਕਿਸੇ ਬਦਨਸੀਬ ਦੀ ਘਟੀਆ ਵਲਗਣ ਦੀਆਂ ਨੰਗੀਆਂ ਇੱਟਾਂ ਤੇ ਅੱਥਰੂ ਕੇਰਨ ਲਈ। ਉਹਦੀ ਹਰ ਤੱਕਣੀ ਵਿਚ ਕਿਸੇ ਦੀ ਕਿਸਮਤ ਦੀਆਂ ਕੋਝੀਆਂ ਲਕੀਰਾਂ ਬਿਜਲੀ ਦੀ ਚਲਕੋਰ ਵਾਂਗ ਪਰਕਾਸ਼ਮਨ ਹੋ ਉਠਦੀਆਂ ਹਨ। 'ਕੀ ਉਹਦੇ ਫੇਰਾ ਪਾ ਜਾਣ ਤੋਂ ਬਾਅਦ ਵੀ ਕਿਆਮਤ ਉਡੀਕਦੀਆਂ ਰੂਹਾਂ ਦੀਆਂ ਵਿਹਲੀਆਂ ਘੜੀਆਂ ਬੇ-ਸੁਆਦ ਹੀ ਬੀਤਣਗੀਆਂ?' ਮੈਨੂੰ ਯਕੀਨ ਨਹੀਂ ਆਉਂਦਾ।

* * * *

ਟੈਕਸੀ, ਨਿੰਮੋਝੂਣੀ, ਸਿਰ ਸੁੱਟੀ ਪਈ ਸੜਕ ਤੇ ਬੇਜਾਨ ਪੱਥਰ ਵਾਂਗ ਰੁੜ੍ਹਦੀ ਜਾ ਰਹੀ ਹੈ। ਇੰਜਨ ਦੀਆਂ ਸਿਸਕੀਆਂ ਨਾਲ ਪਹਾੜੀਆਂ ਉਤੇ ਅੱਤ ਦੀਆਂ ਉਦਾਸੀਆਂ ਛਾਈਆਂ ਹੋਈਆਂ ਹਨ। ਹਾਰਨ ਦੀ ਹੂਕ ਸੁਣ ਕੇ ਜਿਵੇਂ ਚੀਹਲਾਂ ਕੰਬ ਕੰਬ ਉਠਦੀਆਂ ਹਨ। ਸਵਾਰੀਆਂ ਅਰਥੀ ਦੇ ਕਾਨ੍ਹੀਆਂ ਵਾਂਗ ਖਾਮੋਸ਼ ਹਨ।

ਮੈਂ ਪਿਛਲੀ ਸੀਟ ਤੇ ਅੱਖਾਂ ਮੀਟ ਕੇ ਲੇਟਿਆ ਹੋਇਆ ਹਾਂ, ਪਰ ਖਿਆਲ ਮੇਰਾ ਕਿਸੇ ਦੂਰ ਬੈਠੀ ਦੀ ਯਾਦ ਵਿਚ ਦਰਗਾਹੋਂ ਫਿਟਕਾਰੀ ਰੂਹ ਵਾਂਗ ਭਟਕ ਰਿਹਾ ਹੈ। ਸ਼ਿਮਲੇ ਦੋ ਦਿਨ ਸੁਆਦ ਦੇ ਕੱਟੇ ਸਨ। ਉਹਨਾਂ ਦੀਆਂ ਸਿਮ੍ਰਤੀਆਂ ਵਿਚ ਇਕ ਬੇਜਕੇ ਝੋਰੇ ਨੇ ਵਿਹੁ ਘੋਲ ਛੱਡੀ — 'ਉਹਦਾ ਨਾਂ ਪਤਾ ਤੇ ਪੁਛ ਲਿਆ ਹੁੰਦਾ!'

ਤਾਸ਼ ਦੀ ਕਹਾਣੀ

ਆਪਾਂ ਸਾਰੇ ਜਾਣਦੇ ਹਾਂ ਕਿ ਤਾਸ਼ ਦੇ ਕੁਲ ਮਿਲਾਕੇ 52 ਪੱਤੇ ਹੁੰਦੇ ਹਨ, ਪੱਤੇ ਚਾਰ ਰੰਗ ਦੇ ਹੁੰਦੇ ਹਨ, ਅਤੇ ਹਰ ਇਕ ਰੰਗ ਦੇ 13 ਪੱਤੇ ਹੁੰਦੇ ਹਨ। ਆਓ ਮੈਂ ਤੁਹਾਨੂੰ ਇਸ ਦਾ ਰਾਹ ਦੱਸਾਂ।

ਤਾਸ਼ ਦੇ 52 ਪੱਤਿਆਂ ਦਾ ਮਤਲਬ ਹੈ ਇਕ ਸਾਲ ਵਿਚ 52 ਹਫਤੇ ਹੁੰਦੇ ਹਨ, ਚਾਰ ਰੰਗਾਂ ਦੇ ਪੱਤਿਆਂ ਦਾ ਅਰਥ ਹੈ ਮਹੀਨੇ ਵਿਚ ਚਾਰ ਹਫਤੇ ਹੁੰਦੇ ਹਨ। 13 ਰੰਗ ਦੇ ਪੱਤਿਆਂ ਦਾ ਅਰਥ ਹੈ ਹਰੇਕ ਰਿਤੂ (ਰੁੱਤ) 13 ਹਫਤੇ ਦੀ ਹੁੰਦੀ ਹੈ। ਤਾਸ਼ ਦੇ ਪੱਤਿਆਂ ਉਤੇ ਕੁਲ ਮਿਲਾਕੇ 365 ਬਿੰਦੂ ਹੁੰਦੇ ਹਨ, ਬਿੰਦੂਆਂ ਦਾ ਮਤਲਬ ਹੈ ਕਿ ਸਾਲ ਵਿਚ 365 ਦਿਨ ਹੁੰਦੇ ਹਨ

ਤਜਿੰਦਰ ਸਿੰਘ ਬੱਟੂ

ਪੰਨਾ 14 ਦੀ ਬਾਕੀ

ਠਹਿਰਾਏ ਜਾ ਸਕਦੇ। ਪੰਜਾਬ ਦਾ ਮਸਲਾ ਹੱਲ ਹੋ ਵੀ ਜਾਵੇ ਤਾਂ ਵੀ ਲੋਕਾਂ ਦੇ ਚੰਗੇ ਜੀਵਨ ਲਈ ਬੁਨਿਆਦੀ ਮਸਲੇ ਇਸ ਨਿਜ਼ਾਮ ਵਿਚ ਕਦੀ ਹਲ ਨਹੀਂ ਹੋ ਸਕਦੇ। ਇਹਦੇ ਲਈ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ ਜੋ ਇਕ ਇਨਕਲਾਬੀ ਕੇਂਦਰ ਵਲੋਂ ਲਗਾਤਾਰ ਸੰਘਰਸ਼ਾਂ ਨਾਲ ਹੀ ਮੁਮਕਿਨ ਹੋ ਸਕਣਗੀਆਂ।

ਰੁਬਾਈ

ਜਜ਼ਬਾਤ ਮੇਰੇ ਸੁਣਨ ਲਈ, ਹੋਵੇ ਕੋਈ ਯਾਰ ਮੇਰਾ।
ਚੰਗਾ ਨਾ ਸਹੀ, ਭੈੜਾ ਹੀ ਪਰ ਹੋਵੇ ਉਹ ਦਿਲਦਾਰ ਮੇਰਾ।

ਬਸ ਮੈਂ ਲੋੜਾਂ ਇਕ ਗਲ, ਕਿ ਹੋਵੇ ਰੂਹ ਦਾ ਹਾਣ ਮੇਰਾ।
ਫਿਰ ਸੌ ਭੁੱਲਾਂ ਛੱਡਕੇ ਵੀ, ਹੈ ਸਾਥ ਭੁੱਲਰ ਪਰਵਾਨ ਤੇਰਾ।

ਅਜੀਤ ਸਿੰਘ ਭੁੱਲਰ

ਸ਼ੇਅਰ

ਕਈ ਵਾਰ ਖਤਾ ਖਾਧੀ ਹੈ ਹਾਂ ਦੇ ਭੁਲੇਖੇ ਵਿਚ
ਹੁਣ ਮੈਨੂੰ ਤੇਰੀ ਨਾਂਹ ਦਾ ਵੀ ਇਤਬਾਰ ਨਹੀਂ।

ਬੇਫਿਕਰ ਲਾਸ਼ ਵਿਹੜੇ 'ਚ ਪਈ ਹੈ ਬਾਪੂ ਦੀ
ਕਈ ਫਿਕਰਮੰਦ ਨੇ ਤਕਰੀਰ ਸੁਣਦੇ।

ਅੱਜ ਸ਼ਰਾਬਖਾਨਾ ਬੰਦ ਹੈ ਹਾਤੇ ਵਿਚ ਗਲਾਸ ਮੁੰਦੇ ਨੇ
ਸੁਰਾਹੀਆਂ ਦੇ ਮੂੰਹ ਖੁਲ੍ਹੇ ਨੇ, ਮਨਹੂਸ ਦਿਨ ਕਹਿਣ ਲਈ।

ਪਿੱਠ ਕਰਕੇ ਖੜੋ ਗਈ ਕੋਠੇ ਤੇ ਆਇਆ ਵੇਖ ਕੇ
ਸ਼ਰਮ ਜਾਣਾ ਚੰਗਾ ਹੈ, ਵਾਦ ਵਿਵਾਦ ਨਾਲੋਂ।

ਕਵਿਤਾ

ਮੈਨੂੰ ਤੇਰੀ ਯਾਦ ਆਵੇ

ਅਜੀਤ ਸਿੰਘ ਭੁੱਲਰ (ਇੰਡੀਆ)



ਰਾਤ ਦੇ ਹਨੇਰੇ ਵਿਚ
ਸੁਪਨਿਆਂ ਦੇ ਘੇਰੇ ਵਿਚ
ਰੂਹ ਦਰਸ਼ ਲਈ ਕੁਰਲਾਵੇ
ਮੈਨੂੰ ਤੇਰੀ ਯਾਦ ਆਵੇ —

ਪੋਹ ਜਨਵਰੀ ਮਹੀਨਾ,
ਦੇਵੇ ਠਾਰ ਮੇਰਾ ਸੀਨਾ,
ਤੇਰੇ ਹੱਥ ਮੇਰੀ ਵੀਨਾ,
ਸਰਦੀ ਲਿਲੜੀਆਂ ਕਢਾਵੇ
ਮੈਨੂੰ ਯਾਦ ਤੇਰੀ ਆਵੇ —

ਮਾਘ ਫਰਵਰੀ ਬਹਾਰ,
ਦੇਵੇ ਕੰਬਲ ਉਤਾਰ,
ਪੀਲੀ ਚਾਦਰ ਪਸਾਰ,
ਵੇਖ ਦਿਲ ਗੁਦ ਗੁਦਾਵੇ —
ਮੈਨੂੰ ਤੇਰੀ ਯਾਦ ਆਵੇ —

ਫੱਗਣ ਮਾਰਚ ਸੁਹੇਲੇ
ਨਿਸਰੀ ਕਣਕ ਪੱਕੇ ਛੋਲੇ
ਨਹੰਗ ਮਸਤ ਵਿਚ ਹੋਲੇ
ਦਸਮੇਸ਼ ਖਾਲਸਾ ਸਜਾਵੇ —
ਮੈਨੂੰ ਤੇਰੀ ਯਾਦ ਆਵੇ —

ਚੇਤ ਅਪਰੈਲ ਜਦੋਂ ਆਏ,
ਕਿਸਾਨ ਹਾੜੀ ਵੇਖ ਮੁਸਕਾਏ
ਸਾਰੀ ਫਸਲ ਘਰ ਜਾਏ
ਜੱਟੀ ਫੁੱਲੀ ਨਾ ਸਮਾਵੇ —
ਮੈਨੂੰ ਤੇਰੀ ਯਾਦ ਆਵੇ —

ਵਿਸਾਖ ਮਈ ਦੀ ਤਪਸ,
ਹੁੰਦੀ ਤੇਜ ਵੇਖ ਨ ਬਸ
ਸਭ ਦੀ ਇਹੋ ਹੈ ਖਾਹਸ਼
ਪਾਣੀ ਠੰਡਾ ਮਿਲ ਜਾਵੇ —
ਮੈਨੂੰ ਤੇਰੀ ਯਾਦ ਆਵੇ —

ਮਹੀਨਾ ਜੂਨ ਇਹ ਜੇਠ,
ਤੱਤੀ ਤਵੀ, ਤੱਤਾ ਰੇਤ
ਬੈਠਾ ਅਰਜਨ ਦਰਵੇਸ਼
ਜਾਨ ਧਰਮ ਲੇਖੇ ਲਾਵੇ —
ਮੈਨੂੰ ਤੇਰੀ ਯਾਦ ਆਵੇ —

ਆਇਆ ਜੁਲਾਈ ਤੇ ਹਾੜ੍ਹ
ਸੁੱਕਾ ਬੰਜਰ ਪਈ ਰਾੜ,
ਗਈ ਕੁਦਰਤ ਵੀ ਤਾੜ,
ਮਰਨ ਪਸ਼ੂ ਜਦ ਤਿਹਾਏ —
ਮੈਨੂੰ ਤੇਰੀ ਯਾਦ ਆਵੇ —

ਅਗਸਤ ਸਾਵਣ ਮਹੀਨੇ,
ਬੱਦਲ ਬਿਜਲੀ ਕੜਕੀਨੇ,
ਧਰਤੀ ਹਰੀ ਪੁਸ਼ਾਕ ਪਹਿਨੇ,
ਮੋਰ ਪੈਲ ਪਿਆ ਪਾਵੇ —
ਮੈਨੂੰ ਤੇਰੀ ਯਾਦ ਆਵੇ —


ਸਤੰਬਰ ਭਾਦੋਂ ਮਹੀਨਾ
ਸਾਉਣੀ ਕੱਟੇ ਕਿਸਾਨਾ
ਜਿਥੇ ਮਜ਼ਦੂਰ ਪਸੀਨਾ
ਉਹੀ ਥਾਂ ਪਈ ਸੁਹਾਵੇ —
ਮੈਨੂੰ ਤੇਰੀ ਯਾਦ ਆਵੇ —

ਅੱਸੂ ਮਹੀਨਾ ਅਕਤੂਬਰ
ਸੱਪ ਝੋਟਾ ਤੇ ਮੱਛਰ
ਸਰਕੜਾ ਕਮਾਦ ਦਾ ਖੱਪਰ
ਭਰਕੇ ਝੂੰਮਦਾ ਹੀ ਜਾਵੇ —
ਮੈਨੂੰ ਤੇਰੀ ਯਾਦ ਆਵੇ —

ਚੜ੍ਹਿਆ ਨਵੰਬਰ ਕੱਤਕ
ਮਰਦ ਕਰਨ ਮੁਸ਼ੱਕਤ
ਜਿਹੜੇ ਆਸਰੇ ਤੇ ਕਿਸਮਤ
ਜੇਰਾ ਢਹਿੰਦਾ ਹੀ ਜਾਵੇ —
ਮੈਨੂੰ ਤੇਰੀ ਯਾਦ ਆਵੇ —

ਮੱਘਰ ਦਸੰਬਰ ਦੇ ਵੇਲੇ
ਕੀਤੇ ਤੀਰਥਾਂ ਦੇ ਸੈਲੇ
ਪਰ ਜਿਹੜੇ ਸਿੰਘਾਂ ਦੇ ਮੇਲੇ
ਭੁੱਲਰ ਭੁਲਣਾ ਨਾ ਚਾਹਵੇ —
ਮੈਨੂੰ ਤੇਰੀ ਯਾਦ ਆਵੇ —

'ਗੁਰਚਰਨ' ਕੁੱਝ ਸਮੇਂ ਤੋਂ ਮਰ-ਮਰ ਕੇ ਜੀ ਰਿਹਾ ਹੈ
ਜਿਊਂਦੇ-ਜੀ ਮਰਨ ਦੀ ਇਹ ਆਦਤ ਦਲੇਰ ਕੀ ਹੈ ?



ਭੰਗੜਾ ਕਿ ਦੰਗੜਾ

ਅਮਰਜੀਤ ਚੰਦਨ

ਸਾਡੇ ਦੇਖਦਿਆਂ ਦੇਖਦਿਆਂ ਭੰਗੜਾ ਕੀ ਦਾ ਕੀ ਹੋ ਗਿਆ ਹੈ। ਭੰਗੜਾ ਹੁਣ ਦੰਗੜਾ ਬਣ ਗਿਆ ਹੈ। ਜਿਹਦਾ ਕੋਈ ਮੂੰਹ ਮਥਾ ਜਾਂ ਸਿਰ ਪੈਰ ਨਹੀਂ ਰਿਹਾ। ਪਰਬਿੰਦਰ ਸਿੰਘ ਭਾਰਤੀ ਭੰਗੜਾ ਟੀਮ ਦਾ ਕਈ ਸਾਲ ਕਪਤਾਨ ਰਿਹਾ ਤੇ ਉਹਨੇ ਆਪਣੀ ਟੀਮ ਨਾਲ ਸਾਰੀ ਦੁਨੀਆਂ ਗਾਹੀ ਤੇ ਵੱਖ-ਵੱਖ ਮੁਲਕਾਂ ਵਿਚ ਭੰਗੜਾ ਪੇਸ਼ ਕੀਤਾ ਤੇ ਦੁਨੀਆਂ ਦੇ ਹੋਰ ਲੋਕ ਨਾਚ ਵੀ ਦੇਖੇ। ਪਰਬਿੰਦਰ ਮੇਰਾ ਕਾਲਜ ਦਾ ਹਮਜਮਾਤੀ ਸੀ ਤੇ ਹੁਣ ਸਰਕਾਰੀ ਕਾਲਜ ਹੁਸ਼ਿਆਰਪੁਰ ਦਾ ਟੀਚਰ ਹੈ ਤੇ ਅੱਜ ਕੱਲ੍ਹ ਜਲੰਧਰ ਦੇ ਕਿਸੇ ਪੰਜਾਬੀ ਰੋਜ਼ਾਨਾ ਅਖਬਾਰ ਵਿਚ ਸਾਹਿਤਕ ਰੀਵੀਊ ਵੀ ਕਰਦਾ ਹੁੰਦਾ ਹੈ। ਇਕ ਵਾਰੀ ਸਾਡੀ ਮੁਲਾਕਾਤ ਹੋਈ ਤਾਂ ਮੈਂ ਉਹਨੂੰ ਭੰਗੜੇ ਦਾ ਦੰਗੜਾ ਬਣ ਜਾਣ ਦਾ ਕਾਰਣ ਪੁਛਿਆ ਤਾਂ ਕਈ ਸਾਲ ਭਾਰਤੀ ਭੰਗੜਾ ਟੀਮ ਦਾ ਰਹਿ ਚੁਕਾ ਕਪਤਾਨ ਬੜੀ ਸੰਜੀਦਗੀ ਨਾਲ ਆਖਣ ਲੱਗਾ : "ਭੰਗੜਾ ਕੋਈ ਲੋਕ-ਨਾਚ ਨਹੀਂ। ਦੁਨੀਆਂ ਦੇ ਹੋਰ ਅਸਲੀ ਲੋਕ ਨਾਚ ਵੇਖ ਕੇ ਮੈਨੂੰ ਆਪਣੇ ਆਪ ਤੇ ਸ਼ਰਮ ਆਉਂਦੀ ਹੁੰਦੀ ਸੀ। ਮੇਰਾ ਵੱਸ ਚਲੇ ਤਾਂ ਕਾਲਜਾਂ 'ਚ ਪੈਂਦਾ ਦੰਗੜਾ ਝਟ ਬੰਦ ਕਰਵਾ ਦਿਆਂ।" ਪਰਬਿੰਦਰ ਨੇ ਸਮਤਾ ਵਾਸਤੇ ਭੰਗੜੇ (ਜਾਂ ਦੰਗੜੇ) ਬਾਰੇ ਲੇਖ ਲਿਖ ਕੇ ਦੇਣ ਦਾ ਇਕਰਾਰ ਕੀਤਾ ਸੀ। ਪਰ ਮੈਨੂੰ ਛੇਤੀ ਪੰਜਾਬ ਛਡਣਾ ਪਿਆ।

ਇੰਗਲੈਂਡ ਆ ਕੇ ਕਈ ਭੰਗੜਾ ਟੀਮਾਂ ਦੀ ਬੜੀ ਬੱਲੇ-ਬੱਲੇ ਸੁਣੀ। ਭੰਗੜੇ ਦਾ ਮੁਕਾਬਲਾ ਦੇਖਿਆ ਤਾਂ ਮੱਥਾ ਠਣਕਿਆ ਕਿ ਵਲੈਤੀ ਟੀਮਾਂ ਨੇ ਤਾਂ ਦੰਗੜੇ ਨੂੰ ਵੀ ਅਗਾਂਹ ਵਿਗਾੜ ਕੇ ਹੋਰ ਕੁਝ ਹੀ ਬਣਾ ਘੱਤਿਆ ਹੈ। ਲੋਕ ਨਾਚ ਵਿਚ ਡਰਾਮਾਈ ਤੇ ਫਿਲਮੀ ਛੂਹਾਂ ਦੀ ਏਨੀ ਭਰਮਾਰ ਪਹਿਲੀ ਵਾਰ ਦੇਖੀ। ਵਲੈਤੀ ਟੀਮਾਂ ਸਟੇਜ 'ਤੇ ਝਨਾਂ ਦਰਿਆ ਦਾ ਈਫੈਕਟ ਦੇਣ ਵਾਸਤੇ 10x20 ਫੁਟ ਅਲਮੂਨੀਅਮ ਦੀ ਸ਼ੀਟ ਲਿਆ ਧਰਦੀਆਂ ਹਨ। ਲਾਈਵ ਰੌਕ ਮੀਊਜ਼ਿਕ ਦੀ ਤਰ੍ਹਾਂ ਸਟੇਜ ਤੇ ਰੰਗ ਬਰੰਗੇ ਸਟੀਮ ਈਫੈਕਟ ਦਿਤੇ ਜਾਂਦੇ ਹਨ। ਸਚੀਮੁਚੀ ਦਾ ਫਾਂਸੀ ਦਾ ਰੱਸਾ ਲਟਕਾਇਆ ਜਾਂਦਾ ਹੈ।

ਪੂਰਬੀ ਪੰਜਾਬੀ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਨੌਜਵਾਨ ਮੇਲਿਆਂ ਵਿਚ ਟੀਮਾਂ ਕੋਲ ਜੇ ਵਲੈਤ ਵਰਗੇ ਸਾਧਨ ਹੋਣ ਤਾਂ ਉਹ ਵੀ ਘੱਟ ਨਾ ਕਰਨ। ਪੂ: ਪੰਜਾਬ ਦੀਆਂ ਟੀਮਾਂ ਨੇ ਆਪਣੀ ਸਮਰਥਾ ਅਨੁਸਾਰ ਲੋਕ-ਨਾਚ ਦੀ ਮਾਸੂਮ ਰੂਹ ਨੂੰ ਜ਼ਿਬਾਹ ਕਰਨ ਲਈ ਨਾਟਕੀ ਅੰਸ਼ ਖੂਬ ਭਰੇ ਹਨ : ਪਾਕਿਸਤਾਨ ਤੇ ਚੀਨ ਵਿਰੁਧ ਅੰਨ੍ਹੀ ਦੇਸ਼ਭਗਤੀ ਜਗਾਉਣ ਲਈ ਜੈ ਜਵਾਨ ਜੈ ਕਿਸਾਨ ਵਰਗੇ ਲੱਚਰ ਨਾਅਰੇ ਸਮੇਤ ਗੋਲਾ ਬਾਰੂਦ ਦੀ ਈਫੈਕਟ ਦੇਣ ਲਈ ਸਟੇਜ ਤੇ ਚੂਨਾ ਉਡਾਇਆ ਜਾਂਦਾ ਹੈ। ਕੈਨੇਡਾ ਤੇ ਪੰਜਾਬ ਵਿਚ ਪੈਂਦੇ "ਇਨਕਲਾਬੀ ਭੰਗੜੇ" ਬਾਰੇ ਇਸ਼ਤਿਹਾਰ ਮੈਂ ਪੜ੍ਹਦਾ ਰਿਹਾ ਹਾਂ ਪਰ ਕਦੇ ਦੇਖਣ ਦਾ ਮੌਕਾ ਨਹੀਂ ਮਿਲਿਆ। ਪਰ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਸ ਭੰਗੜੇ ਵਿਚ ਕੀ ਕੁੱਟ-ਕੁੱਟ ਕੇ ਭਰਿਆ ਹੋਵੇਗਾ। ਇਹ ਕੱਲ੍ਹ ਨੂੰ ਭੰਗੜੇ ਵਿਚ ਭਿੰਡਰਾਂਵਾਲਾ ਵੀ ਲਿਆ ਸਕਦੇ ਹਨ।

ਗੁਰਸ਼ਰਨ ਸਿੰਘ ਦਸਦਾ ਹੁੰਦਾ ਹੈ ਕਿ ਭੰਗੜਾ ਪੂਰਬੀ ਪੰਜਾਬ ਵਿਚ ਪਹਿਲੀ ਵਾਰੀ ਪੰਜਵੇਂ ਦਹਾਕੇ ਦੇ ਸ਼ੁਰੂ ਵਿਚ ਧੂਰੀ ਦੇ ਮਨੋਹਰ ਦੀਪਕ ਨੇ ਓਦੋਂ ਸਟੇਜ 'ਤੇ ਪਾਇਆ ਸੀ, ਜਦ ਰੂਸੀ ਲੀਡਰ ਬੁਲਗਾਨਿਨ ਤੇ ਖਰੁਸ਼ਚੋਵ ਭਾਖੜੇ ਨੰਗਲ ਗਏ ਸਨ। ਫੇਰ ਇਹ ਦਿੱਲੀ 26 ਜਨਵਰੀ ਵਾਲੀ ਪਰੇਡ ਵਿਚ ਹਰ ਸਾਲ ਝਾਕੀਆਂ ਪੇਸ਼ ਕੀਤਾ ਜਾਣ ਲੱਗਾ। ਫੇਰ ਇਹਨੂੰ ਪੰਜਾਬ ਲੋਕ ਸੰਪਰਕ ਵਿਭਾਗ ਨੇ ਅਪਣਾ ਲਿਆ ਤੇ ਮਨੋਹਰ ਦੀਪਕ ਆਪਣੇ ਨਾਲ ਇਹਨੂੰ ਬੰਬਈ ਦੀ ਫਿਲਮੀ ਦੁਨੀਆਂ ਵਿਚ ਲੈ ਗਿਆ। ਬੰਬਈ ਵਿਚ ਭੰਗੜੇ ਦਾ ਜੋ ਦੰਗੜਾ ਬਣਿਆ, ਉਹ ਅੱਜ ਸਾਡੇ ਸਾਹਮਣੇ ਹੈ।

ਮੈਂ ਆਪਣੇ ਕਈ ਦੋਸਤ ਸਜਣਾਂ ਕੋਲੋਂ ਪੁੱਛਿਆ ਕਿ ਕੀ ਉਹਨਾਂ ਕਦੇ ਖੇਤਾਂ ਵਿਚ ਭੰਗੜਾ ਪੈਂਦਾ ਦੇਖਿਆ ਹੈ ? ਸਾਰੇ ਆਖਦੇ ਹਨ ਕਿ ਉਹਨਾਂ ਕਦੇ ਨਹੀਂ ਦੇਖਿਆ। ਮੈਂ ਖੁਦ ਪਿੰਡਾਂ ਵਿਚ ਵਾਢੀ ਵੇਲੇ ਬਾਜ਼ੀਗਰਾਂ ਨੂੰ ਢੋਲ ਵਜਾਉਂਦਿਆਂ ਦੇਖਿਆ ਹੈ। ਜੱਟਾਂ ਸੀਰੀਆਂ ਦੇ ਵਾਢੀ ਕਰਦਿਆਂ ਢੋਲ ਵਜਾਉਣ ਦੀ ਗੱਲ ਤਾਂ ਸਮਝ ਆਉਂਦੀ ਹੈ — ਢੋਲ ਦੀ ਤੇਜ਼ ਤਾਲ ਨਾਲ ਦਾਤੀ ਵੀ ਤੇਜ਼ ਚਲਦੀ ਹੈ ਤੇ ਬੰਦਾ ਉਨਾ ਥਕਦਾ ਨਹੀਂ।

ਆਹ ਵਿਆਹਾਂ 'ਚ ਡਿਸਕੋ ਨੁਮਾ ਬਾਂਦਰ ਨਾਚ ਵੀ ਛੇਵੇਂ ਦਹਾਕੇ ਦੇ ਅਖੀਰ 'ਚ ਹੀ ਪੈਣਾਂ ਸ਼ੁਰੂ ਹੋਇਆ ਹੈ। ਪਹਿਲਾਂ ਇਹ ਪੂਰਬੀ ਪੰਜਾਬ ਦੇ ਕਸਬਿਆਂ ਸ਼ਹਿਰਾਂ ਵਿਚ ਪੱਛਮੀ ਪੰਜਾਬ ਦੇ "ਰਫੂਜ਼ੀ' ਝਾਂਗੀ ਬਗੈਰਾ ਦਿਨ ਸੁਧ ਵੇਲੇ ਢੋਲ ਦੀ ਤਾਲ ਮੇਲ ਨਾਲ ਨੱਚਦੇ ਦੇਖੀਦੇ ਹੁੰਦੇ ਸੀ।

ਮੈਂ ਆਪਣੇ ਪੱਛਮੀ ਪੰਜਾਬੀ (ਪਾਕਿਸਤਾਨੀ) ਦੋਸਤਾਂ ਕੋਲੋਂ ਪਤਾ ਕੀਤਾ ਤਾਂ ਉਹਨਾਂ ਦੱਸਿਆ ਕਿ ਖੈਰ ਨਾਲ ਭੰਗੜਾ ਉਥੇ ਕਾਲਜਾਂ ਜਾਂ ਸਰਕਾਰੀ ਸਟੇਜਾਂ ਤੱਕ ਨਹੀਂ ਅਪੜਿਆ। ਪਰ ਦੋ ਵੱਡੇ ਮੇਲਿਆਂ ਵਿਚ ਇਹ ਹਾਲੇ ਵੀ ਪੈਂਦਾ ਹੈ : ਸਖੀ ਸਰਵਰ ਦੇ ਮੇਲੇ ਦੀਆਂ ਤਿਆਰੀਆਂ ਤਿੰਨ ਮਹੀਨੇ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ : ਊਠਾਂ ਤੇ ਘੋੜਿਆਂ 'ਤੇ ਵਖ ਵੱਖ ਇਲਾਕਿਆਂ ਦੇ ਸੰਗ (ਜਥੇ) ਆਉਂਦੇ ਹਨ। ਤੀਵੀਆਂ ਤੇ ਮਰਦ ਦਾਇਰਾ ਬਣਾ ਕੇ ਘੁੰਮਦੇ ਨੱਚਦੇ ਹਨ ਤੇ ਗੱਭੇ ਢੋਲੀ ਹੁੰਦਾ ਹੈ। ਪੱਛਮੀ ਪੰਜਾਬ ਵਿਚ ਭੰਗੜੇ ਦੀ ਅਸਲੀ ਲੋਕ-ਨਾਚ ਵਾਲੀ ਸਾਦਗੀ ਸਰਲਤਾ ਤੇ ਸ਼ਕਤੀ ਹਾਲੇ ਵੀ ਬਰਕਰਾਰ ਹੈ।

ਪੂਰਬੀ ਪੰਜਾਬ ਵਿਚ ਲੋਕਧਾਰਾ (ਫ਼ੋਕਲੋਰ) ਦੀ ਖੋਜ ਤੇ ਅਧਿਅਨ ਹੁਣ ਅਕਾਦਮਕ ਪੱਧਰ 'ਤੇ ਵੀ ਹੋਣਾ ਸ਼ੁਰੂ ਹੋਇਆ ਹੈ। ਇਸ ਖੇਤਰ ਵਿਚ ਵਣਜਾਰਾ ਬੇਦੀ, ਸੰਤੋਖ ਸਿੰਘ ਸ਼ਹਰਯਾਰ ਤੇ ਨਾਹਰ ਸਿੰਘ ਦੇ ਨਾਂ ਕਾਬਲੇ-ਜ਼ਿਕਰ ਹਨ। ਨਾਹਰ ਸਿੰਘ ਮਾਲਵੇ ਦੇ ਪੰਜਾਬੀ ਲੋਕ ਗੀਤਾਂ ਬਾਰੇ ਡਾਕਟਰੀ ਕਰ ਕੇ ਹੁਣ ਪਟਿਆਲੇ ਯੂਨੀਵਰਸਿਟੀ ਪੜ੍ਹਾਉਂਦਾ ਹੈ ਤੇ ਇਹਨੇ ਭੰਗੜੇ ਬਾਰੇ ਕੁਝ ਚੰਗੇ ਲੇਖ ਲਿਖੇ ਹਨ। ਇਹਦੇ ਇਕ ਲੇਖ ਵਿਚੋਂ ਕੁਝ ਹਵਾਲੇ ਦਰਪਣ ਦੇ ਪਾਠਕਾਂ ਖਾਸਕਰ ਵਲੈਤੀ ਭੰਗੜਚਾਰੀਆਂ ਦੇ ਦ੍ਰਿਸ਼ਟੀਗੋਚਰ ਕਰਨਾ ਚਾਹੁੰਦਾ ਹਾਂ।

ਨਾਹਰ ਸਿੰਘ ਅਨੁਸਾਰ ਭੰਗੜਾ ਕੋਈ ਲੋਕ-ਨਾਚ ਨਹੀਂ ਹੈ। ਇਹ ਵੱਖ-ਵੱਖ ਨਾਚਾਂ ਦਾ ਮਿਲਗੋਭਾ ਹੈ। ਹੋਰ ਤਾਂ ਹੋਰ ਇਸ ਵਿਚ ਪੰਜਾਬ ਦੇ ਜ਼ਨਾਨਾ ਨਾਚਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਹੁਣ ਵਾਲਾ ਭੰਗੜਾ ਇਹਨਾਂ ਨਾਚਾਂ ਨੂੰ ਰਲਾ ਕੇ ਬਣਿਆ ਹੈ : ਵਿਸਾਖੀ ਵਾਲਾ ਖੁਲ੍ਹਾ ਸਿਆਲਕੋਟੀ ਭੰਗੜਾ, ਲੁੱਡੀ, ਝੂੰਮਰ, ਸੰਮੀ, ਧਮਾਲ, ਪਠਾਣੀਆਂ, ਡੂੰਮਣੀਆਂ, ਜੱਲੀ ਤੇ ਗਿੱਧਾ ਵਗੈਰਾ।

ਸੰਮੀ ਤੇ ਝੂੰਮਰ ਵਰਗੇ ਸਾਂਝੀ ਭਾਵਨਾ ਵਾਲੇ ਨਾਚ ਰਲਾਉਣੇ ਮਾੜੀ ਗੱਲ ਨਹੀਂ, ਪਰ ਗਿੱਧੇ ਨੂੰ ਭੰਗੜੇ ਨਾਲ ਨਹੀਂ ਜੋੜਨਾ ਚਾਹੀਦਾ। ਝੂੰਮਰ ਦੀਆਂ ਕੁਝ ਅਦਾਵਾਂ ਹੀ ਭੰਗੜੇ ਵਿਚ ਹੋਣ, ਉਹ ਵੀ ਜਿਥੇ ਭੰਗੜਾ ਬਹੁਤ ਧੀਮੀ ਮੁਦਰਾ ਵਿਚ ਹੋਵੇ : ਜਿਦਾਂ ਸਿਆਲਕੋਟੀ ਭੰਗੜਾ ਫੇਰ ਡੂੰਮਣੀਆਂ ਤੇ ਫੇਰ ਝੂੰਮਰ। ਪਰ ਸਾਡੇ ਭਾਂਗੜੀਆਂ ਨੇ ਸੁਹਲ ਮੁਦਰਾ ਵਾਲੇ ਝੂੰਮਰ ਨੂੰ ਖਿਚ ਕੇ (ਡਬਲ ਤਾਲ ਦੇ ਕੇ) ਭੰਗੜੇ ਵਿਚ ਫਿਟ ਕਰ ਦਿਤਾ ਹੈ। ਝੂੰਮਰ ਵਾਲੇ ਗੀਤ ਲੰਘ ਆ ਜਾ ਪੱਤਣ ਝਨਾਂ ਦਾ .... ਕਾਹਲੀ ਵਿਚ ਫਾਹਾ ਵੱਢ ਦਿਤਾ ਜਾਂਦਾ ਹੈ। ਢੋਲ ਦੀ ਤੇਜ਼ ਤਾਲ ਨਾਲ ਝੂੰਮਰ ਦੀ ਤਾੜੀ ਏਨੀ ਤੇਜ਼ ਹੋ ਜਾਂਦੀ ਹੈ, ਜਿਦਾਂ ਤੀਵੀਆਂ ਸਿਆਪਾ ਕਰਦੀਆਂ ਹੋਣ।

ਭੰਗੜੇ ਨਾਲ ਓਹੋ ਗੱਲ ਹੋਈ, ਅਖੇ : ਲੌਂਗ ਘੜਾਉਣ ਗਈ ਨੱਕ ਵਢਾ ਬੈਠੀ। ਮਾਡਰਨ ਸਿਨਮੇ ਤੇ ਥੀਏਟਰ ਦੇ ਲੜ ਲੱਗ ਕੇ ਭੰਗੜੇ ਦਾ ਕੁਝ ਨਹੀਂ

ਬਾਕੀ ਪੰਨਾ 17 ਉਤੇ

ਸਾਡੇ ਕੁਝ ਸ਼ੰਕੇ — ਅਕਾਲ ਤਖਤ

(ਇਕ ਸੂਝਵਾਨ ਖੋਜੀ ਸਿੰਘ ਵਲੋਂ 1984)

ਮੇਹਰ ਸਿੰਘ ਸੰਧੂ, ਵੈਨਕੂਵਰ

1984 ਤੋਂ ਪਹਿਲਾਂ ਹੇਠ ਲਿਖੇ ਵੇਰਵੇ ਅਨੁਸਾਰ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ 1973 ਤੱਕ ਇਉਂ ਹੋਈ ਹੈ।

1. ਦੀਵਾਨ ਕੌੜਾ ਮਲ ਨੇ ਸ. ਜੱਸਾ ਸਿੰਘ ਆਹਲੂਵਾਲੀਆ ਤੇ ਦਲ ਖਾਲਸਾ ਦੀ ਸਹਾਇਤਾ ਨਾਲ ਸੰਨ 1749 ਵਿਚ ਮੁਲਤਾਨ ਜਿਤਿਆ ਤੇ ਉਸ ਨੂੰ ਮੁਲਤਾਨ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਨਾਲ ਹੀ ਉਸ ਨੂੰ "ਮਹਾਰਾਜਾ ਬਹਾਦਰ" ਦਾ ਖਿਤਾਬ ਮੀਰ ਮੰਨੂੰ ਵਲੋਂ ਦਿਤਾ ਗਿਆ।

"ਇਸ ਫਤਹਿ ਦੀ ਖੁਸ਼ੀ ਵਿਚ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਈਆ, ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਭੇਟ ਕੀਤਾ। ਚੂੰਕਿ ਯਹੀਯਾ ਖਾਨ ਦੇ ਜ਼ਮਾਨੇ ਵਿਚ ਲਖਪਤ ਰਾਏ ਨੇ ਸਰੋਵਰ ਨੂੰ ਮਿਟੀ ਨਾਲ ਭਰਵਾ ਦਿਤਾ ਸੀ ਇਸ ਲਈ —

ਇਸ ਰੁਪਏ ਨਾਲ ਸਰੋਵਰ ਦੀ ਮਿੱਟੀ ਕਢਵਾ ਕੇ ਸਾਫ ਕਰਵਾਇਆ ਅਤੇ ਖੂਹਾਂ ਦਾ ਜਲ ਇਸ ਵਿਚ ਪਵਾਇਆ। ਚੂੰਕਿ ਦੀਵਾਲੀ ਦਾ ਮੇਲਾ ਸਿਰ ਤੇ ਆ ਰਿਹਾ ਸੀ ਇਸ ਲਈ ਕੰਮ ਵਿਚ ਸਿੰਘਾਂ ਅਤੇ ਸੰਗਤਾਂ ਨੇ ਭੀ ਬੇਓੜਕ ਟਹਿਲ ਕੀਤੀ।"

(ਡਾ. ਗੰਡਾ ਸਿੰਘ ਰਚਿਤ ਸ. ਜੱਸਾ ਸਿੰਘ ਆਹਲੂਵਾਲੀਆ ਸਫਾ 75)

2. ਸੰਨ 1764 ਵਿਚ ਸਰਹੰਦ ਤੇ ਉਸ ਦੇ ਚੁਗਿਰਦੇ ਦੇ ਇਲਾਕੇ ਉਤੇ ਕਬਜ਼ਾ ਹੋਣ ਪਿਛੋਂ ਫੇਰ ਸੇਵਾ ਹੋਈ। ਡਾਕਟਰ ਗੰਡਾ ਸਿੰਘ ਜੀ ਨੇ "ਤਾਰੀਖ ਕਪੂਰਥਲਾ" ਦੇ ਸਫਾ 196 - 97 ਤੇ ਅੰਮ੍ਰਿਤਸਰ ਦੇ ਹਵਾਲੇ ਨਾਲ ਲਿਖਿਆ ਹੈ: "ਸਰਹੰਦ ਦੀ ਲੁੱਟ ਵਿਚ ਸਿੰਘਾਂ ਨੂੰ ਕਾਫੀ ਧਨ ਹਥ ਲੱਗਾ। ਨੌਂ ਲੱਖ ਰੁਪਇਆ ਇਸ ਵੇਲੇ ਸ. ਜੱਸਾ ਸਿੰਘ ਆਹਲੂਵਾਲੀਏ ਦੇ ਹਿੱਸੇ ਆਇਆ। ਪਰ ਸ: ਜੱਸਾ ਸਿੰਘ ਇਸ ਵਿਚੋਂ ਇਕ ਪੈਸਾ ਭੀ ਆਪਣੇ ਕੋਲ ਨਹੀਂ ਸਨ ਰਖਣਾ ਚਾਹੁੰਦੇ। ਉਨ੍ਹਾਂ ਪਤਾ ਸੀ ਕਿ ਘਲੂਘਾਰੇ ਤੋਂ ਮੁੜਦੇ ਹੋਇਆਂ ਅਹਿਮਦ ਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਨੂੰ ਬਰੂਦ ਦੇ ਕੁੱਪਿਆਂ ਨਾਲ ਉੜਾ ਦਿਤਾ ਸੀ, ਬੁੰਗੇ ਢਾਹ ਦਿਤੇ ਸਨ ਅਤੇ ਸਰੋਵਰ ਗੰਦੇ ਮਲਬੇ, ਮਨੁੱਖਾਂ ਅਤੇ ਡੰਗਰਾਂ ਦੀਆਂ ਹੱਡੀਆਂ ਆਦਿ ਨਾਲ ਪੂਰਿਆ ਗਿਆ ਸੀ। ਇਸ ਦੀ ਸੇਵਾ ਹਾਲ ਤਕ ਨਹੀਂ ਸੀ ਹੋ ਸਕੀ।

ਇਸ ਲਈ ਸ: ਜੱਸਾ ਸਿੰਘ ਨੇ ਇਕ ਦਿਨ ਸਰਬਤ ਖਾਲਸੇ ਨੂੰ ਇਕੱਠਾ ਕਰਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦੀ ਗੱਲ ਤੋਰ ਦਿਤੀ ਅਤੇ ਮਾਇਆ ਇਕੱਠੀ ਕਰਨ ਲਈ ਗੁਰੂ ਦੇ ਨਾਉਂ ਤੇ ਇਕ ਚਾਦਰ ਵਿਛਾ ਦਿਤੀ ਜਿਸ ਪਰ ਸਭ ਤੋਂ ਪਹਿਲਾਂ ਆਪਣੀ ਵਲੋਂ ਸਾਰੇ ਦਾ ਸਾਰਾ ਨੌਂ ਲੱਖ ਰੁਪਿਆ ਢੇਰੀ ਕਰ ਦਿੱਤਾ ਇਹ ਚਾਦਰ "ਗੁਰੂ ਕੀ ਚਾਦਰ" ਦੇ ਨਾਉਂ ਨਾਲ ਮਸ਼ਹੂਰ ਹੋਈ ਅਤੇ ਪੰਜ ਲੱਖ ਤੋਂ ਕੁਝ ਉਪਰ ਦੂਸਰੇ ਸਰਦਾਰਾਂ ਪਾਸੋਂ ਇਕੱਠਾ ਹੋਇਆ। ਇਹ ਸਾਰੀ ਰਕਮ ਭਾਈ ਦੇਸ ਰਾਜ ਬਿਧੀ ਚੰਦੀਏ ਦੇ ਹਵਾਲੇ ਕਰ ਦਿੱਤੀ ਗਈ ਤਾਂ ਕਿ ਦਰਬਾਰ ਸਾਹਿਬ ਦੀ ਸੇਵਾ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਨਿਭਾਈ ਅਤੇ ਬਹੁਤ ਸਾਰੇ ਢੱਠੇ ਹੋਏ ਬੁੰਗੇ ਆਦਿ ਭੀ ਉਸਾਰ ਦਿਤੇ।

(ਤਾਰੀਖ ਕਪੂਰਥਲਾ ਪੰਨੇ 196-97, ਤਾਰੀਖ ਅੰਮ੍ਰਿਤਸਰ)

3. ਮਹਾਰਾਜਾ ਰਣਜੀਤ ਸਿੰਘ ਤੇ ਉਸ ਤੋਂ ਪਿਛੋਂ ਉਸ ਦੇ ਪਰਿਵਾਰ ਤੇ ਸੰਤਾਨ ਨੇ ਹਰਿਮੰਦਰ ਸਾਹਿਬ ਉਤੇ ਸੋਨਾ ਚੜ੍ਹਾਉਣ, ਸੰਗਮਰਮਰ ਲਵਾਉਣ ਆਦਿ ਦੀ ਸੇਵਾ ਕੀਤੀ।

4. ਸੁਣਨ ਵਿਚ ਆਇਆ ਹੈ ਕਿ ਸਰੋਵਰ ਦੀ ਕਾਰ ਸੇਵਾ ਮਹਾਰਾਜਾ ਸ਼ੇਰ ਸਿੰਘ (ਰਾਜ 1841 ਤੋਂ 1843 ਈ) ਨੇ 1842 ਵਿਚ ਕਰਵਾਈ ਸੀ।

5. ਸੰਨ 1923 ਵਿਚ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਬੰਧ ਹੇਠ ਬਹੁਤ ਹੀ ਵਧੀਕ ਧੂਮ ਧਾਮ ਨਾਲ ਕਾਰ ਸੇਵਾ ਹੋਈ। ਉਸ ਵੇਲੇ ਸ. ਬ. ਮਹਿਤਾਬ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਫਿਰ ਇਸ ਸਮੇਂ ਜਿਨ੍ਹਾਂ ਪੰਜ ਪਿਆਰਿਆਂ ਨੇ ਸੋਨੇ ਦੀਆਂ ਕਹੀਆਂ ਨਾਲ ਟੱਕ ਲਾਇਆ ਉਨ੍ਹਾਂ ਵਿਚ ਪਤਾ ਲੱਗਾ ਹੈ ਕਿ ਬਾਬਾ ਵਸਾਖਾ ਸਿੰਘ ਜੀ, ਸੰਤ ਬਾਬਾ ਸ਼ਾਮ ਸਿੰਘ ਜੀ, ਗਿਆਨੀ ਠਾਕਰ ਸਿੰਘ ਜੀ ਤੇ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਸਨ।

6. 1973 ਵਿਚ ਹੋਈ ਸੇਵਾ ਤਾਂ ਅਖਬਾਰ ਪੜ੍ਹ ਸਕਣ ਵਾਲੇ ਸਭ ਪਾਠਕਾਂ ਨੇ ਵੇਖੀ ਸੁਣੀ ਹੈ।

ਸਾਡਾ ਸ਼ੰਕਾ ਹੈ ਕਿ ਇਨ੍ਹਾਂ ਹੋ ਚੁਕੀਆਂ ਕਾਰ ਸੇਵਾਵਾਂ ਦੇ ਸਬੰਧ ਵਿਚ ਸ੍ਰੀ ਅਕਾਲ ਤਖਤ ਦੀ ਆਗਿਆ, ਹੁਕਮਨਾਮੇ, ਆਦਿਕ ਦਾ ਕੋਈ ਜ਼ਿਕਰ ਨਹੀਂ ਹੈ।

ਫਿਰ ਅੱਜ ਇਹ ਸਵਾਲ ਕਿਉਂ ?

ਕਿ ਅਕਾਲ ਤਖਤ ਦੀ ਆਗਿਆ ਜਾਂ ਹੁਕਮ ਨਾਲ ਹੀ ਸੇਵਾ ਹੋਵੇ ?

ਅਗੇ ਜਿਨ੍ਹਾਂ ਸੰਤਾਂ ਨੇ ਕਾਰ ਸੇਵਾ, ਲੰਗਰ ਦੀ ਸੇਵਾ, ਜਾਂ ਮੰਜੀ ਸਾਹਿਬ ਦੇ ਹਾਲ ਦੀ ਸੇਵਾ ਕਰਾਈ ਹੈ, ਕੀ ਉਨ੍ਹਾਂ ਨੂੰ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ ਨਿਯੁਕਤ ਕੀਤਾ ਸੀ ?

ਮਹਾਨ ਕੋਸ਼ ਅਨੁਸਾਰ 6ਵੇਂ ਗੁਰੂ ਜੀ ਦਾ ਰਖਿਆ ਨਾਂ ਅਕਾਲ ਬੁੰਗਾ ਹੈ। ਅਕਾਲ ਤਖਤ ਨਹੀਂ।

ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਦੇ ਲਿਖੇ ਅਨੁਸਾਰ ਪੰਥ ਇਥੇ ਗੁਰਮਤੇ ਸੋਧਦਾ ਰਿਹਾ ਹੈ। ਹੁਕਮ ਨਾਮੇ ਜ਼ਾਰੀ ਨਹੀਂ ਕਰਦਾ ਰਿਹਾ।

ਪੁਰਾਤਨ ਕਾਲ ਵਿਚ ਕੇਵਲ ਗੁਰੂ ਸਾਹਿਬਾਂ ਦੇ ਲਿਖੇ ਪੱਤਰਾਂ ਨੂੰ ਸਤਿਕਾਰ ਨਾਲ ਹੁਕਮਨਾਮੇ ਕਿਹਾ ਜਾਂਦਾ ਸੀ।

ਗੁਰਸਿੱਖਾਂ ਲਈ ਸ੍ਰੀ ਅਕਾਲ ਤਖਤ ਇਕ ਧਾਰਮਕ ਸਥਾਨ ਹੈ। ਦੀਵਾਲੀ ਵਿਸਾਖੀ ਉਤੇ ਮਿਸਲਾਂ ਦੇ ਸਮੇਂ ਦਲ ਖਾਲਸਾ ਦੇ ਸਰਦਾਰ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਅਰਦਾਸ ਕਰਕੇ ਨਵੇਂ ਮਸਲੇ ਹਲ ਕਰਨ ਤੇ ਅਗੋਂ ਦੇ ਪਰੋਗਰਾਮ ਬਣਾਉਣ ਲਈ ਸ੍ਰੀ ਅਕਾਲ ਤਖਤ ਦੇ ਸਾਹਮਣੇ ਇਕੱਤਰਤਾ (ਦੀਵਾਨ) ਹੁੰਦੀ ਸੀ। ਪਿਛਲੇ ਗੁੱਸੇ ਗਿਲੇ ਛੱਡ ਕੇ, ਜੱਫੀਆਂ ਪਾ ਕੇ, ਸਲਾਹ ਕਰਕੇ, ਸਮੁੱਚੇ ਪੰਥ ਦੀ ਬੇਹਤਰੀ ਲਈ ਖੁਲ੍ਹ ਕੇ ਪੱਖਪਾਤ ਤੇ ਧੜੇ ਰਹਿਤ, ਰਾਵਾਂ ਦੇਂਦੇ ਸਨ। ਬਹਿਸ ਵਿਚਾਰ ਪਿਛੋਂ ਜੋ ਫੈਸਲਾ ਹੁੰਦਾ ਸੀ, ਉਹ ਅਕਾਲ ਤਖਤ ਉਤੇ ਸੇਵਾ ਕਰਦੇ ਜਥੇਦਾਰ ਨੂੰ ਦੱਸਿਆ ਜਾਂਦਾ ਸੀ। ਜਥੇਦਾਰ ਕੇਵਲ ਉਹ ਸਰਬ ਸੰਮਤੀ ਦੇ ਫੈਸਲੇ (ਗੁਰਮਤਾ) ਨੂੰ ਸੁਣਾ ਦੇਂਦਾ ਸੀ।

ਉਹ ਆਪੇ ਇਕੱਲਾ ਜਾਂ ਨਾਲ ਦੇ ਪੰਜ ਗ੍ਰੰਥੀਆਂ ਨਾਲ ਰਲ ਕੇ ਨਾ ਕੋਈ ਨਿਰਣਾ ਲੈਂਦਾ ਸੀ, ਨਾ ਸੁਣਾਉਂਦਾ ਸੀ, ਨਾ ਹੁਕਮਨਾਮਾ ਜ਼ਾਰੀ ਕਰਦਾ ਸੀ।

ਸ਼ੰਕਾ ਇਹ ਹੈ ਕਿ ਫਿਰ ਸਿੱਖ ਰਵਾਇਤਾਂ ਦੇ ਨਾਂ ਉਤੇ "ਹੁਕਮਨਾਮੇ" ਉਤੇ ਇਨੀ ਚਰਚਾ ਕਿਉਂ ?

ਸਾਡਾ ਸ਼ੰਕਾ ਹੋਰ ਉਘੜ ਆਉਂਦਾ ਹੈ ਜਦ ਅਸੀਂ ਵੇਖਦੇ ਹਾਂ ਕਿ

1. ਜਲ੍ਹਿਆਂਵਾਲੇ ਬਾਗ ਵਿਚ ਗੋਲੀ ਚਲਾਉਣ ਵਾਲੇ ਜਨਰਲ ਓਡਵਾਇਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਸਾਹਿਬ ਨੇ ਸਿਰੋਪਾ ਦਿਤਾ ਸੀ।

2. ਇਥੋਂ ਹੀ ਇਕ ਜਥੇਦਾਰ ਸਾਹਿਬ ਨੇ ਬਜ-ਬਜ ਘਾਟ ਕਲਕੱਤਾ ਵਿਚ ਅੰਗਰੇਜ਼ਾਂ ਦੀਆਂ ਗੋਲੀਆਂ ਨਾਲ ਭੁੰਨੇ ਜਾਣ ਵਾਲੇ ਬਾਬਾ ਗੁਰਦਿੱਤ ਸਿੰਘ ਜੀ, ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਖੀ ਤੋਂ ਖਾਰਜ ਕੀਤਾ ਸੀ। (ਇਹ ਬਾਬਾ ਜੀ ਗੁਰਦਿਤ ਸਿੰਘ ਜੀ ਕਾਮਾਗਾਟਾ ਮਾਰੂ ਜਹਾਜ਼ ਵਾਲੇ ਹਨ)

3. ਇਹ ਭੀ ਕਿਹਾ ਜਾਂਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਨੂੰ ਮੁੜ ਪੰਜਾਬ ਵਿਚ ਲਿਆਉਣ ਲਈ ਸਹਾਇਤਾ ਕਰਨ ਵਾਲਿਆਂ ਨੂੰ ਭੀ ਸਿੱਖ ਪੰਥ ਵਿਚੋਂ ਸ੍ਰੀ ਅਕਾਲ ਤਖਤ ਨੇ ਖਾਰਜ ਕਰ ਦਿਤਾ ਸੀ। ਇਕ ਹੋਰ ਤਰ੍ਹਾਂ ਦੀ ਮਿਸਾਲ ਭੀ ਹੈ ਕਿ ਜਥੇਦਾਰ ਸਾਧੂ ਸਿੰਘ ਭੌਰਾ ਜੋ ਅਸੂਲ ਪ੍ਰਸਤ ਨੇ, ਕਿਉਂ ਅਚਨਚੇਤ ਸ੍ਰੀ ਅਕਾਲ ਤਖਤ ਦੀ ਜਥੇਦਾਰੀ ਤੋਂ ਅਸਤੀਫਾ ਦਿਤਾ ?

ਪਤਾ ਲਗਦਾ ਹੈ ਤੇ ਬਹੁਤ ਹੀ ਭਰੋਸੇਯੋਗ ਵਸੀਲਿਆਂ ਤੋਂ ਕਿ ਉਨ੍ਹਾਂ ਨੂੰ ਉਚ ਅਧਿਕਾਰੀਆਂ ਵਲੋਂ ਇਕ ਕਮੇਟੀ ਦੇ ਨਾਵਾਂ ਦੀ ਪ੍ਰਵਾਨਗੀ ਦਾ "ਹੁਕਮਨਾਮਾ" ਜਾਰੀ ਕਰਨ ਲਈ ਕਿਹਾ ਗਿਆ ਸੀ ਪਰ ਜਥੇਦਾਰ ਜੀ ਨੂੰ ਉਹ ਯੋਗ ਨਹੀਂ ਸੀ ਜਾਪਦਾ।

ਕਰੋਪੀ ਪੈਦਾ ਹੁੰਦੀ ਦੇਖ ਉਹ ਆਪ ਹੀ ਤਿਆਗ ਪੱਤਰ ਦੇ ਗਏ ਅਤੇ ਤਾਰ ਭੀ ਆ ਗਈ ਸੀ ਕਿ "ਫੌਰਨ ਸੇਵਾ-ਮੁਕਤ" ਕਰ ਦਿਓ।

4. ਚੌਥਾ ਸ਼ੰਕਾ ਇਹ ਹੈ ਕਿ ਕੌਣ ਸੇਵਾ ਕਰੇ ਜਾਂ ਕਰਾ ਸਕਦਾ ਹੈ ?

ਬਾਕੀ ਹਾਲਤਾਂ ਵਿਚ ਤਾਂ ਕਿਸੇ ਵਿਸ਼ੇਸ਼ ਪ੍ਰਬੰਧਕ ਦਾ ਨਾਂ ਨਹੀਂ ਪਰ ਗੁਰੂ ਕੀ ਚਾਦਰ ਪਿਛੋਂ ਭਾਈ ਦੇਸ ਰਾਜ ਬਿਧੀ ਚੰਦੀਏ ਦਾ ਨਾਂ ਮਿਲਦਾ ਹੈ।

ਬਾਕੀ ਪੰਨਾ 18 ਉਤੇ

ਪੰਨਾ 16 ਦੀ ਬਾਕੀ

ਬਚਿਆ। ਹਿੰਦੁਸਤਾਨ ਵਿਚ ਭੰਗੜਾ ਹੀ ਐਸਾ ਨਾਚ ਹੈ, ਜਿਸ ਵਿਚ ਲੋਕ (ਪੰਜਾਬੀ) ਜ਼ਿੰਦਗੀ ਦਾ ਕੋਈ ਵੀ ਪਹਿਲੂ ਸਾਫ ਤੌਰ 'ਤੇ ਸਾਹਮਣੇ ਨਹੀਂ ਆਉਂਦਾ ਭਾਵੇਂ ਇਹਦੀ ਤੇਜ਼ ਚਾਲ, ਤੇ ਧਮਕ ਪੰਜਾਬੀ ਕੌਮ ਦੀ ਬਹਾਦਰੀ, ਸੁਡੌਲਤਾ ਤੇ ਮਸਤੀ ਨੂੰ ਜ਼ਰੂਰ ਰੂਪਮਾਨ ਕਰਦੀ ਹੈ। ਅੱਜ ਦੇ ਭੰਗੜੇ ਵਿਚ ਪਿੜ ਵਾਲੇ ਭੰਗੜੇ ਦਾ ਬਹੁਤ ਥੋੜਾ ਹਿੱਸਾ ਹੀ ਬਚਿਆ ਹੈ। ਬਾਕੀ ਨਵੇਂ ਕੋਚਾਂ ਦੀ ਕਾਢ ਹੈ। ਭੰਗੜੇ ਦਾ ਵਿਕਾਸ, ਕਿਸੇ ਵੀ ਲੋਕ ਨਾਚ ਦੇ ਵਿਕਾਸ ਵਾਂਗ, ਭੰਗੜੇ ਦੀ ਬੁਨਿਆਦੀ ਲੈਅ, ਤਾਲ ਤੇ ਨਾਚ ਮੁਦਰਾਵਾਂ ਦੀ ਕੀਮਤ ਤੇ ਨਹੀਂ ਹੋਣਾ ਚਾਹੀਦਾ। ਅੱਜ ਹਾਲਤ ਇਹ ਹੈ ਕਿ ਭੰਗੜਾ ਭਰਵਾਂ ਲੋਕ ਨਾਚ ਲਗਣ ਦੀ ਥਾਂ ਸ਼ੁਹਦਾ ਜਿਹਾ ਜਨਾਨੜਾ ਨਾਚ ਲਗਣ ਲੱਗ ਪਿਆ ਹੈ। ਪੰਜਾਬੀ ਕਲਚਰ ਤੋਂ ਅਣਜਾਣ ਬੰਦੇ ਨੂੰ ਇਹ ਨਿਰੀ ਢੋਲ ਦੀ ਕੁੜਕੁੱਟ ਤੇ ਜਿਮਨਾਸਟਕਸ ਨਜ਼ਰ ਆਉਂਦਾ ਹੈ। ਵਲੈਤੀ ਭੰਗੜੇ ਵਿਚ ਤਾਂ ਗਤਕੇਬਾਜ਼ੀ ਵੀ ਸ਼ਾਮਲ ਕਰ ਦਿੱਤੀ ਗਈ ਹੈ।

ਅੱਜ ਖਾਲਸ ਭੰਗੜੇ ਦਾ ਢੋਲ ਵਜਾਉਣਾ ਵੀ ਬੇਤਾਲ ਹੋਣ ਵਾਲੀ ਗੱਲ ਹੈ ਸਾਨੂੰ ਐਸੇ ਭੰਗੜੇ ਦੀ ਜ਼ਰੂਰਤ ਹੈ ਜਿਸ ਵਿਚ ਪੰਜਾਬੀ ਲੋਕ ਵਿਰਸੇ ਦਾ ਰਸ ਵੀ ਹੋਵੇ ਤੇ ਆਧੁਨਿਕ ਤਕਨੀਕ ਦੀ ਵਰਤੋਂ ਵੀ। ਅੱਜ ਦੇ ਭੰਗੜੇ ਵਿਚੋਂ ਬੇਸਿਰ-ਪੈਰ ਅਦਾਵਾਂ, ਚਟਪਟੀਆਂ ਤਾਲਾਂ, ਬੇਲੋੜੀਆਂ ਕਮੈਂਟਰੀਆਂ, ਸ਼ੋਹਦੇ ਗੀਤਾਂ ਤੇ ਡਰਾਮੇਬਾਜ਼ੀ ਨੂੰ ਕੱਢ ਕੇ ਸਹੀ ਪੇਂਡੂ ਸਰੂਪ ਦੇਣ ਦੀ ਲੋੜ ਹੈ। ਪਰ ਇਹ ਕੰਮ ਕੌਣ ਕਰੇਗਾ ?

ਸੰਪਾਦਕ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ

ਬਰਨਾਲਾ, -(ਪੱਤਰ ਪ੍ਰੇਰਕ) ਜ਼ਿਲਾ ਜਰਨਲਿਸਟ ਯੂਨੀਅਨ ਸੰਗਰੂਰ ਦੇ ਪ੍ਰਧਾਨ ਸ੍ਰੀ ਜਗੀਰ ਸਿੰਘ ਜਗਤਾਰ ਨੇ ਚੰਡੀਗੜ੍ਹ ਦੇ ਪ੍ਰਬੰਧਕ ਸ੍ਰੀ ਸਿਧਾਰਥ ਸ਼ੰਕਰ ਰੇਅ ਤੋਂ ਮੰਗ ਕੀਤੀ ਹੈ ਕਿ 'ਡਿਗਨਟੀ' ਦੇ ਸੰਪਾਦਕ ਸ੍ਰੀ ਸੁਖਦੇਵ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਹਨਾਂ ਬਿਆਨ ਵਿਚ ਕਿਹਾ ਹੈ ਕਿ ਜਦੋਂ ਕੇਸ ਨਾਲ ਸਬੰਧਤ ਲੇਖ ਦਾ ਮੂਲ ਪ੍ਰਕਾਸ਼ਕ 'ਦਲਤ ਵਾਇਸ' ਦੇ ਸੰਪਾਦਕ ਸ੍ਰੀ ਰਾਜ ਸ਼ੇਖਰ ਨੂੰ ਰਿਹਾਅ ਰ ਦਿੱਤਾ ਹੈ ਤਾਂ ਉਸੇ ਲੇਖ ਕਾਰਨ ਕਈ ਮਹੀਨਿਆਂ ਤੋਂ ਜਿਹਲ ਬੰਦ ਕੀਤੇ ਸੁਖਦੇਵ ਸਿੰਘ ਨੂੰ ਨਾ ਕੇਵਲ ਰਿਹਾਅ ਕੀਤਾ ਜਾਵੇ, ਸਗੋਂ ਸਰਕਾਰ ਉਸ ਦੀ ਨਜਾਇਜ਼ ਹਿਰਾਸਤ ਲਈ ਹਰਜਾਨਾ ਵੀ ਦੇਵੇ।

ਗੁਰਬਾਣੀ ਵੀਚਾਰ

ਬੀ. ਐਸ. ਗਰੇਵਾਲ

ਸਿਖ ਧਰਮ ਸੰਪੂਰਨ ਜੀਵਨ ਜਾਚ ਹੈ, ਕੇਵਲ ਫਿਲਾਸਫੀ ਨਹੀਂ। ਇਹ ਜੀਵਨ ਜਾਚ, ਗੁਰਬਾਣੀ ਅਤੇ ਸਿਖ-ਇਤਿਹਾਸ ਰਾਹੀਂ ਸਿਖੀ(ਜਾਣੀ) ਹੁੰਦੀ ਹੈ। ਗੁਰਦੁਆਰੇ ਇਸ ਜਾਚ ਨੂੰ ਸਿਖਾਉਣ ਦੇ ਮੂਲ ਕੇਂਦਰ ਹੋਣੇ ਚਾਹੀਦੇ ਹਨ। ਜਿਥੇ ਗਰੰਥੀ ਸਿੰਘਾਂ, ਕੀਰਤਨੀ ਜਥਿਆਂ ਅਤੇ ਪਰਚਾਰਕਾਂ ਨੇ ਸਿਖ ਸੰਗਤ ਨੂੰ ਗੁਰੂ ਉਪਦੇਸ਼ਾਂ ਤੋਂ ਜਾਣੂੰ ਕਰਵਾਉਣਾ ਹੁੰਦਾ ਹੈ। ਸ਼ਰਧਾਲੂਆਂ ਨੇ ਗੁਰਬਾਣੀ ਸੁਣਨੀ, ਗਾਉਣੀ, ਸਮਝਣੀ ਅਤੇ ਕਮਾਉਣੀ ਹੁੰਦੀ ਹੈ। ਉਨ੍ਹਾਂ ਕੇਵਲ ਮੱਥਾ ਟੇਕਣ ਹੀ ਨਹੀਂ ਜਾਣਾ ਹੁੰਦਾ। ਬਲਕਿ ਗਿਆਨ ਪ੍ਰਾਪਤ ਭੀ ਕਰਨਾ ਹੁੰਦਾ ਹੈ। ਇਸ ਲਈ "ਗੁਰਬਾਣੀ ਵੀਚਾਰ" ਪ੍ਰੋਗਰਾਮ ਭੀ ਸ਼ਾਮਲ ਹੋਣਾ ਚਾਹੀਦਾ ਹੈ।

ਗੁਣੀ ਗਿਆਨੀ ਜਪੁਜੀ ਸਾਹਿਬ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਕੁੰਜੀ ਦਰਸਾਉਂਦੇ ਜਾਂ ਕਹਿੰਦੇ ਹਨ। ਅਤੇ ਮੂਲ-ਮੰਤਰ ਨੂੰ ਸਿਰਜਨਹਾਰ ਵਾਹਿਗੁਰੂ ਦੀ ਪ੍ਰੀਭਾਸ਼ਾ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮੂਲ ਮੰਤਰ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਤਾਂ ਕਿ ਇਕ ਅਤੇ ਕੇਵਲ ਇਕ ਸਿਰਜਨਹਾਰ ਅਤੇ ਪਾਲਣਾ ਕਰਨ ਵਾਲੇ ਸਦੀਵੀ ਰਹਿਣ ਵਾਲੇ ਸਰਬ ਸ਼ਕਤੀਮਾਨ ਅਤੇ ਅਜੂਨੀ ਸਤਿਗੁਰ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਦੀ ਨਾਂ ਮਾਨਤਾ ਕੀਤਾ ਜਾਵੇ ਅਤੇ ਨਾ ਹੀ ਕਿਸੇ ਅਗੇ ਪ੍ਰਾਰਥਨਾ।

ਨਜ਼ਰੀਏ

ਜਪੁਜੀ ਸਾਹਿਬ ਵਿਚ ਸਭ ਤੋਂ ਪਹਿਲੇ ਸਵਾਲ "ਕਿਵ ਸਚਿਆਰਿਆਂ ਹੋਈਏ, ਕਿਵ ਕੂੜੇ ਤੁਟੇ ਪਾਲ"? ਦਾ ਉਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਦੇਕੇ ਹੁਕਮ ਦੀ ਰਜ਼ਾ 'ਚ ਚਲਣ ਵਾਸਤੇ ਉਪਦੇਸ਼ ਦਿਤਾ ਹੈ। ਉਹ ਹੁਕਮ ਕੀ ਹੈ, ਜਿਸ ਹੁਕਮ ਦੇ ਅੰਦਰ ਸਭ ਕੋਈ ਹਨ, ਬਾਹਰ ਕੋਈ ਭੀ ਨਹੀਂ ਅਤੇ ਜਿਸਦੇ ਬੁਝਣ ਜਾਨਣ ਵਾਲੇ 'ਚ ਫੇਰ ਹਉਮੈ ਨਹੀਂ ਰਹਿੰਦੀ? ਉਹ ਕਿਹੜਾ ਹੁਕਮ ਹੈ ਜਿਸ ਨਾਲ ਵਡਿਆਈ ਮਿਲਦੀ ਹੈ, ਬੰਦਾ ਉਤਮ ਜਾਂ ਨੀਚ ਬਣ ਜਾਂਦਾ ਹੈ। ਜਿਸ ਹੁਕਮ ਨਾਲ ਸੁਖ ਜਾਂ ਦੁਖ ਮਿਲਦੇ ਹਨ?

ਗੁਰਬਾਣੀ ਦੇ ਖੋਜੀਆਂ ਅਨੁਸਾਰ ਅਕਾਲ-ਪੁਰਖ, ਸਚੇ ਪਾਤਸ਼ਾਹ ਦੀ ਇਛਿਆ ਅਤੇ ਰਜ਼ਾ ਕਾਰਨ ਸ੍ਰਿਸ਼ਟੀ ਦੀ ਉਪਜਨਾ ਅਤੇ ਕਾਰ-ਵਿਹਾਰ ਉਸਦੇ ਹੁਕਮ ਭਾਵ ਵਿਧਾਨ ਅਧੀਨ ਹੋ ਰਹੀ ਹੈ। ਅਤੇ ਇਸ ਵਿਧਾਨ ਦੇ ਨਿਯਮ ਅਟੱਲ, ਸਦੀਵੀ ਅਤੇ ਨਾ ਬਦਲੇ ਜਾਣ ਵਾਲੇ ਹਨ।

ਇਹ ਨਿਯਮ ਸਭ ਤੇ ਲਾਗੂ ਹਨ। ਇਨ੍ਹਾਂ ਨਿਯਮ ਅਧੀਨ ਧਰਤੀ, ਸੂਰਜ, ਗ੍ਰਹਿ, ਹਵਾ, ਪਾਣੀ, ਬਨਾਸਪਤੀ, ਜੀਵ-ਜੰਤੂ ਆਪਣਾ ਆਪਣਾ ਕਾਰਜ ਕਰ ਰਹੇ ਹਨ। ਬਰਕਤਾਂ ਅਤੇ ਆਫਤਾਂ ਭੀ ਇਨ੍ਹਾਂ ਨਿਯਮਾਂ ਅਧੀਨ ਆਉਂਦੀਆਂ ਹਨ ਇਨ੍ਹਾਂ ਨਿਯਮਾਂ 'ਚ ਤਬਦੀਲੀ ਜਾਂ ਉਲੰਘਣਾ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਕਰਾਮਾਤੀ ਸਾਧੂ ਸੰਤ ਗੁਰੂ ਪੈਗੰਬਰ ਕਰ ਨਹੀਂ ਸਕਦਾ। ਇਹ ਹੁਕਮ ਹਰ ਵਿਅਕਤੀ ਤੇ ਭੀ ਲਾਗੂ ਹੁੰਦਾ ਹੈ। ਜੰਮਣ ਤੋਂ ਮਰਨ ਤੱਕ ਅਤੇ ਸ਼ਾਇਦ ਮਰਨ ਤੋਂ ਪਿਛੋਂ ਭੀ।

ਹਰ ਵਿਅਕਤੀ ਦੇ ਚਾਰ ਹਿਸੇ ਹਨ। ਜਿਸਮ, ਮਨ, ਦਿਮਾਗ ਅਤੇ ਆਤਮਾ। ਸੋ ਵਿਅਕਤੀ ਨੂੰ ਸੁਖ ਸ਼ਾਂਤੀ ਅਤੇ ਮੁਕਤੀ ਤਦ ਹੀ ਮਿਲ ਸਕਦੀ ਹੈ ਜੇਕਰ ਉਹ ਇਨ੍ਹਾਂ ਲਿਖੇ ਹੋਏ ਹੁਕਮਾਂ (ਨਿਯਮਾਂ) ਅਨੁਸਾਰ ਰਹੇ, ਉਨ੍ਹਾਂ ਮੁਤਾਬਕ ਸੋਚੇ ਅਤੇ ਅਮਲ ਕਰੇ। ਜਿਵੇਂ ਗੁਰੂ ਸਾਹਿਬ ਨੇ ਫਰਮਾਇਆ ਹੈ। ਬਾਬਾ ਹੋਰ ਖਾਣਾ ਖੁਸੀ ਖੁਆਰ, ਜਿਤ ਖਾਧੇ ਤਨ ਪੀੜੀਏ ਮਨ ਵਿਚ ਚਲੇ ਵਕਾਰ, ਇਸ ਤਰ੍ਹਾਂ ਹੀ ਪਹਿਨਣ, ਬੋਲਣ ਅਤੇ ਸੋਚਣ ਬਾਰੇ ਫਰਮਾਇਆ ਹੈ — ਜੈਸਾ ਸੇਵੈ, ਤੈਹਾ ਹੋਵੈ, ਤੇਹੋ ਕਰਮ ਕਮਾਵੈ।

ਪ੍ਰਮਾਤਮਾ ਦੇ ਹੁਕਮ 'ਚ ਜੋੜੇ ਹੀ ਹਨ। ਜਸਮਾਨੀ, ਮਾਨਸਕ ਅਤੇ ਰੂਹਾਨੀਅਤ ਦੇ। ਇਨ੍ਹਾਂ ਜੋੜਿਆਂ 'ਚੋਂ ਸਚ, ਪ੍ਰੇਮ, ਹਲੀਮੀ, ਦਿਆ, ਸੰਤੋਖ, ਨੇਕੀ, ਸਭ-ਵੀਚਾਰ ਆਦਿ ਦਾ ਧਾਰਨੀ ਸੁਖ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਇਸਦੇ ਉਲਟ, ਝੂਠ, ਘ੍ਰਿਣਾ, ਹਉਮੈਂ, ਕਰੋਧ, ਲੋਭ, ਮੋਹ, ਕਾਮ, ਨਿੰਦਿਆ ਕਰਨ ਵਾਲਾ, ਖੁਦਗਰਜ਼ ਅਤੇ ਬੇਈਮਾਨੀ ਆਦਿ ਦਾ ਧਾਰਨੀ ਦੁਖੀ ਰਹਿੰਦਾ ਹੈ। ਹਰ ਮਨੁਖ ਦਾ ਜੀਵਨ ਮਨੋਰਥ ਹਰ ਹੀ ਜੈਸਾ (ਭਾਵ ਬਨਣਾ) ਹੋਣਾ ਚਾਹੀਦਾ ਹੈ। ਭਗਤੀ ਅਤੇ ਸ਼ਕਤੀ ਦੇ ਸਮੇਲ ਦੁਆਰਾ ਸੰਤ-ਸਿਪਾਹੀ ਭਾਵ ਗੁਰਮੁਖ ਦੀ ਪਦਵੀ ਹਾਸਲ ਕਰਨੀ ਚਾਹੀਏ ਤਾਂ ਕਿ ਇਸ ਮਾਨਸ ਜਨਮ ਜੋ ਦੁਰਲਭ ਹੈ ਅਤੇ ਬਾਰਕ ਪਰਾਪਤ ਨਹੀਂ ਹੋ ਸਕਦਾ, ਵਿਚ ਹੀ ਜੀਵਨ-ਮੁਕਤ ਹੋਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਗਾਡੀ ਰਾਹ ਗੁਰੂ ਸਾਹਿਬਾਨ ਨੇ ਖੁਦ ਜੀਵਨ-ਮੁਕਤ ਵਾਲਾ ਜੀਵਨ ਜੀ ਕੇ ਅਸਾਡੇ ਅਗੇ ਮਸਾਲ ਪੇਸ਼ ਕਰ ਦਿੱਤੀ ਹੈ। ਇਸ ਰਾਹ 'ਤੇ ਚਲਣ ਲਈ ਨਾਮ ਜਪਣਾ, ਸੁਚੀ ਕਿਰਤ ਕਰਨਾ, ਵੰਡ ਛਕਣਾ, ਅਤੀ ਜ਼ਰੂਰੀ ਹਨ। ਸੇਵਾ ਬਿਨਾ ਭਗਤ ਨਹੀਂ ਹੋਈਦਾ। ਇਹ ਸੋਝੀ ਗੁਰੂ ਤੋਂ ਪਾਈ ਜਾ ਸਕਦੀ ਹੈ ਅਤੇ ਗੁਰੂ ਸਾਡਾ ਸ਼ਬਦ - ਗੁਰਬਾਣੀ ਹੈ, ਜਿਸ ਤੇ ਵੀਚਾਰ ਕਰਨੀ ਲੋੜੀਂਦੀ ਹੈ।

ਪੰਨਾ 17 ਦੀ ਬਾਕੀ

ਉਪਰੋਕਤ ਮਿਸਾਲਾਂ ਵਿਚੋਂ ਕਈਆਂ ਵਿਚ ਸਾਨੂੰ ਸਰਕਾਰ ਸੇਵਾ ਪ੍ਰਤੱਖ ਦਿਸਦੀ ਹੈ।

ਦੀਵਾਨ ਕੌੜਾ ਮਲ, ਉਸ ਵੇਲੇ ਨਵਾਬ ਸੀ ਤੇ ਉਹ ਵੀ ਮੁਗਲ ਹਕੂਮਤ ਦਾ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਸ ਵੇਲੇ ਦਲ ਖਾਲਸਾ ਦਾ ਧਾਰਮਿਕ ਆਗੂ ਤੇ ਰਾਜਸੀ ਲੀਡਰ ਸੀ। ਲਾਹੌਰ ਵਿਚ ਉਸ ਦਾ ਸਿਕਾ ਚਲਦਾ ਸੀ ਤੇ ਰਿਆਸਤ ਕਪੂਰਥਲੇ ਦੀ ਉਹ ਸਰਕਾਰ ਸੀ।

ਢਾਹੁਣ ਤੇ ਤਾਲ ਪੂਰਨ ਦੀ ਬੇਅਦਬੀ ਭੀ ਸਮੇਂ ਦੀ ਸਰਕਾਰ ਨੇ ਪਹਿਲੀਆਂ ਦੋ ਹਾਲਤਾਂ ਵਿਚ ਕੀਤੀ ਤੇ ਸਰਕਾਰ ਨੇ ਹੀ ਉਸ ਨੂੰ ਉਸਾਰਨ ਤੇ ਮੁੜ ਜਲ ਭਰਨ ਦੀ ਸੇਵਾ ਕੀਤੀ।

ਸ਼ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਦੋ ਵਾਰ ਸੇਵਾ ਹੋਈ ਪਰ ਕਮੇਟੀ ਭੀ ਇਕ ਸਰਕਾਰੀ ਕਾਨੂੰਨ ਅਨੁਸਾਰ ਬਣੀ ਹੈ ਤੇ ਸਰਕਾਰੀ ਖਰਚ ਉਸ ਦੀਆਂ ਚੋਣਾਂ ਉਤੇ ਹੁੰਦਾ ਹੈ। ਪ੍ਰਧਾਨ ਦੀ ਚੋਣ ਡੀ. ਸੀ. ਦੀ ਪ੍ਰਧਾਨਗੀ ਵਿਚ ਹੁੰਦੀ ਹੈ।

ਇਹ ਲੇਖ ਕਿਸੇ ਰਾਜਸੀ ਪੱਖ ਪੂਰਨ ਜਾਂ ਧੜਾ ਨਿਭਾਉਣ ਲਈ ਨਹੀਂ ਕੇਵਲ ਚਾਨਣ ਦੀ ਮੰਗ ਤੇ ਸੱਚ ਦੀ ਭਾਲ ਲਈ ਹੈ।

ਇਕ ਗੀਤ ਹੈ ਜੋ ਪੰਜਾਬ ਵਿਚ ਅਜੇ ਬੜਾ
ਚਿਰ ਹਿੱਕ ਤਾਣ ਕੇ ਨਹੀਂ ਗੰਵਿਆ ਜਾ ਸਕਦਾ :
ਬੇਸ਼ਕ ਮੰਦਰ ਮਸਜਿਦ ਢਾਅ ਦੇ
ਖੁੱਲ੍ਹੇ ਸ਼ਾਹ ਇਹ ਕਹਿੰਦਾ
ਪਰ ਪਿਆਰ ਭਰਿਆ ਦਿਲ ਕਦੇ ਨਾ ਢਾਵੀਂ
ਇਸ ਦਿਲ ਵਿਚ ਦਿਲਬਰ ਰਹਿੰਦਾ......
ਬੁੱਲ੍ਹੇ ਵਰਗੇ ਪਿਆਰ ਦੇ ਸਮੁੰਦਰ ਏਥੇ ਹੀ ਜੰਮੇ ਸਨ,
ਖੌਰੇ ਤਿੱਖੇ ਸੂਰਜਾਂ ਸੁਕਾ ਦਿੱਤੇ......

ਸੀਖਾਂ ਤੋਂ ਬਾਹਰ ਆਏਗਾ
ਅਫ਼ਰੀਕਾ
ਖੋਹਲੇਗਾ ਬੰਦ ਮੁੱਠੀ
ਤਾਣ ਦੇਵੇਗਾ ਸੰਘਣਾ ਨੀਲਾ ਅਸਮਾਨ
ਆਪਣੀ ਧਰਤੀ ਦੀ
ਆਜ਼ਾਦ ਛਾਤੀ ਤੇ
ਜੜੇਗਾ ਇਸ ਵਿਚ
ਲਾਲ ਸੂਰਜ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address..
City...
Province..
Postal code...
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA...........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

Agony of Punjab

Class Character of Akali Politics

There is yet another side of it. Though the green revolution has increased agricultural production, it has enormously strengthened the hold of the upper rung of the landowners on the economy of the state. It is they who have been the main beneficiaries. According to the agricultural census of 1971, 21.5 per cent of cultivators tilling less than half an hectare each, account for only 1.94 per cent of the total cultivated area, 56.2 per cent of cultivators who till less than two hectares cultivate only 15.1 per cent and 82.7 per cent tilling less than 5 hectares of land account for only 43.8 per cent of the areas while only 5 per cent of the farmers who cultivate above ten hectares account for 26.9 per cent of the total cultivated area. According to another survey those owning 20 acres or more constitute 10 per cent of the total number of cultivators while they own 37 per cent of the total cultivated area, and those owning less than 5 acres constitute 48.44 per cent of total cultivators and own only 13.13 per cent of the cultivated area. This unequal distribution of land has further increased over the years.

It is interesting to note that some of the biggest land owners among the Sikhs today hold key positions both in the Akali Dal and the SGPC. The class composition of the Akali Dal and the SGPC graphically illustrates this fact. Former Akali chief minister Parkash Singh Badal is one of the biggest landlords of the state and he has landed interests outside the state also. To say this does not, however, mean that the Congress(I) does not have substantial support and backing of the big landowning classes. In 1980 election, the Congress won maximum percentage of 49.25 per cent in Ludhiana and won nine out of the twelve assembly seats. This became possible because seven constituencies were urban or semi-urban. In the other two constituencies won by the Congress, they had put up pro-Akali congressmen who could appeal to the Sikh masses. On the other hand, in rural district of Kapurthala, having around 61 per cent of the Sikh population, the Congress could win only one seat out of the total of four, the rest of the seats going to the Akali Dal.

Along with the concentration of land in the hands of a small minority of land owners, the number of the agricultural workers in Punjab has been rapidly increasing. In 1961, of the total workers on land the agricultural workers constituted only 17.30 per cent while in 1971 the percentage rose to 32.1 and in 1981 to 38.26. The socio-economic survey conducted by the Punjab government shows that 8.24 lakh families lie below the poverty line (i.e. with an income of Rs 3.600/- per annum) and are mostly in the rural areas and comprise 38 per cent of the rural population. Nearly 50 per cent of them belong to the scheduled caste. It has been estimated that 24 per cent of the small farmers and 31 per cent of marginal farmers live below the poverty line.

In political terms, the new prosperous land owning class naturally wants to match its economy-muscle with political power. Since this class which controls both the Akali Dal and the SGPC cannot capture political power in its own, it is exploiting Sikh religion for its interests. This class is conscious of the need to broaden its political base. It has attempted unsuccessfully to share power with the Congress as its junior partner in the fifties. After the reorganisation of Punjab in 1966, it tried another experiment and shared power with the Jana Sangh. But this experiment also failed because the two communal forces could not provide a stable government nor could the Akali Dal further strengthen its position. Therefore, it needed new slogans to rally the poor and the marginal Sikh farmers who had become mistrustful of those Akalis who were in power. The various 'Dharam Yudhs' launched by the Akali Dal during the last one decade, some on territorial questions and others on economic issues were directed to raise the expectations of the poorest sections of the Sikh population, including the frustrated youngmen both the rural and urban areas. The higher their hopes are raised the more bitterly they feel beterayed by the policies of the Akali leadership. This drives the Akali leaders to become all the more communal and sectarian and exploit religious ideology ruthlessly. The need to ecploit religious ideology is therefore directed to achieving ideological consolidation, particularly among the frustrated and dispossessed Sikh masses.

It will not be incorrect to say that the ideological basis for establishing 'an independent entity' of the Sikhs, different from the Indian nation was laid in a calculated manner by the Akali Dal itself including its moderate leaders. A close scrutiny of the Anandpur Sahib Resolution passed on 16-17 October 1973 and the list of 45 demands submitted by the Akali Dal in September 1981 to the Centre are quite revealing in this regard.

Anandpur Sahib Resolution: A Fundamentalist Document

The Anandpur Sahib Resolution does not limit itself to demanding a restructuring of centre-state relations and to ask for more powers to the state. It calls for "maintaining the feeling of a separate

Continued at Page 20

Continued from Page 19

independent entity of the Sikh panth and creation of an environment in which the 'national aspiration' of the Sikhs can be full and satisfactory", as one of its political aims. It lists a number of areas from neighbouring states for the creation of a 'New Punjab', as a "sample administrative unit wherein Sikhism and the interest of the Sikhs can be specially protected". The division of powers between centre and states is not simply based on a desire to rationalise centre-state relations but is actually an insidioud attempt to emasulate the centre. In 'New Punjab' the authority of the centre is to be confined only to the "defence, foreign relations, communications, railway, and currency. All the residuary subjects (departments) are to be under the jurisdiction of 'New Punjab', which should have the right to frame its own constitution for these subjects"... "New Punjab should contribute its share of the necessary finances for the Centre in the ratio of its members in the Lok Sabha.... the Akali Dal will strive to make the constitution of India federal in the real sense and ensure that the authority and representation of all the States are equal at the Centre". Then follows a denunciation, in line with the then stand of the Janata government at the centre, of the country's foreign policy.

What is most revealing is that in these two documents of the Akali Dal religion, politics and economics have been so closely interwoven that it becomes abundantly clear that the Akali leaders are determined to establish a theocratic state. Though these documents talk about establishing socialism in accordance with the teachings of the Sikh gurus, they seek to demolish at every step the integrity and unity of India. In this process, the Akalis arrive at the inevitab;e conclusion that "the monopolistic hold of the captialists foisted on the Indian economy by 30 years of Congress rule in India" has led to a situation in which the central government has assumed all powers in its hands "after the manner of Mughal Imperialism".

After having made out that the Akali Dal "is the very embodiment of the hopes and aspirations of the Sikh Nation" and that the "SGPC is the only representative institution of the Sikhs". it does not have to labour the point that on all essential matters it wants to retain the existing exploitatives system, in which the new emerging landed aristocracy will dominate.

The Akali Dal has demanded that necessary amendments be made in the Hindu Succession Act so that "a woman should be given rights of inheritance in the properties of her father-in-law instead of the father's". It has also reiterated that the agricultural lands "of the farmers should be completely exempted from the Wealth Tax and the Estate Duty". It opposes application of Land Ceiling Act to gurdwaras and urges that the land holdings up to 30 standard acres should be exempted from the land ceiling legislation. Though the Akali Dal has demanded complete nationalisation of trade and food grains, it has strongly opposed "the demarcation of food zones and the attendant restrictions on the movements of foodgrains".

So far as the industrial policy of the Akali Dal is concerned, it has demanded that all key industries should be brought under the public sector and that each public sector undertaking should be made autonomous. Interestingly, in the same breath, the Akali Dal has opposed nationalisation of the Punjab and Sind Bank.

In these comprehensive documents of the Akali Dal there is nothing concrete offered to the industrial workers and the agricultural workers.

The Centre is sought to be emasculated through the increasing autonomy of the state to near independence, and by making it helplessly dependent on the states. The formulations about the Sikh nationhood and the role proposed to be assigned to the SGPC are blatant assertions for taking the Akali Dal to the very threshould of Khalistan. There is much in common between the ideological and political position of the moderate Akalis and the extremists and whenever and wherever they have differed, the former have readily yielded ground to the latter. Thus there has been only a thin line separating the dominant Akali leadership and the exponents of the 'Khalistan'.

'Khalistan': A neoimperialist Game

Though it was on October 13, 1971 that Jagjit Singh Chauhan inserted a half-page advertisement in The New York Times detailing the reasons for establishing the 'sovereign' Sikh state of 'Khalistan', its ideological basis in India was evolved later. At that stage neither the international community nor the Sikhs in India paid much attention to this advertisement. The slogan for 'Khalistan' was generally dismissed as a cry in wilderness. Chaughan had first raised the slogan of 'Khalistan' publicly at a press conference in London in September, 1971. On April 12, 1980, he announced the formation of 'National Council of Khalistan' with himself as the president and Shri Balbir Singh Sandhu as its secretary general. Three months later he proclaimed from London the formation of the state of 'Khalistan' a similar announcement having been made in India by Balbir Singh Sandhu.

it is not without reason that soon after, Ganga Singh Dhillon, an Indian-born American national, in his presidential address to the 54th Sikh Educational Conference at Chandigarh, in March 1981, described the Sikhs as a nation and advised them to seek associate membership of the United Nations on the Lines of the Palestine Liberation Organisation.

The Akali Dal (Talwandi group) did not take long to pass a resolution echoing the same sentiments. The SGPC leadership also fell in line in course of time.

It is not difficult to see how the ground for the secessionist slogan has been prepared, wittingly or otherwise, both by the Akalis of all hues and factions and by the congressite Sikhs. They have been trying to outdo each other at the tricentenary and quincentenary celebrations of the first and tenth Sikh Gurus, Nanak and Gobind Singh in 1967 and 1969, respectively, the centenary celebrations of the formation of the Singh Sabha in 1973, the tricentenary observation of the martyrdom of the ninth Sikh Guru, Tegh Bahadur in 1975, and at the current centenary celebrations of the birth anniversary of Maharaja Ranjit Singh, the Lion of Punjab.

During the last two years or so most of the Akali leaders, excepting Parkash Singh Badal, have denied or soft-pedalled the doings of the extremists in one form or the other. Even Sant Harchand Singh

Continued at Page 21

Continued from Page 20

Longowal, the president of the Akali Dal who is supposed to be opposed to the demand for 'Khalistan' and who has often reiterated that he stood for Hindu-Sikh unity has never taken a bold or firm stand vis-a-vis the extremists. For instance, he failed to realise that his threat at the time of the Asiad games or his appeal to the Commonwealth leaders on the occasion of GHOGM meet was an openly disruptive move. Such postures do not only tarnish the country's image but also provides ammunition to the anti-Indian forces. The burning of Article 25 (ii)of the Constitution was yet another step which strengthened the ideological base of extremism.

Though the army action in the first week of June 1984 has struck a mortal blow at the entrenched position of the secessionists, in the Golden Temple complex, their hold on the minds of the Sikhs has yet to be broken on the political and idelogical plane. A sense of disquiet among the Sikh masses has been surfacing of late, particularly as reports about recent happenings within the gurdwaras, particularly within the Golden Temple complex, have started percolating through the masks of lies and slander. It has to be admitted, however, that several secessionist organisations are freely operating abroad. The chief among them which have raised the slogan of 'Khalistan' or a 'separate Sikh state' are the National Council of Khalistan, Dal Khalsa, Babbar Khalsa and Akhand Kirtani Jatha. The 'National Council of Khalistan' headed by Jagjit Singh Chauhan is active in the UK, West Germany, Canada and the USA. The Dal Khalsa activities are mainly concentrated in UK and West Germany, while the Babbar Khalsa is operating largely from Vancouver in Canada. The Akhand Kirtani Jatha has units in UK and Canada. They obviously have their 'mentors' goading them on.

Nonetheless, the time has come when the Sikhs whether living inside Punjab or outside, should assert themselves unequivocally against the desecration of the gurdwaras, above all of the holiest of the holy in Amritsar. It is heartening to note that, a section of them in India as well as abroad have already started raising their voice against the crimes committed by the extremists.

The moral of the recent happenings in Punjab is that attempts to foster communal ideologies and aid abet religious revivalism run counter to the goal of the democratic advance and provide not only convenient levers to the forces engaged in undermining country's sovereignty and integrity but also create conditions for the reversal of the nationally accepted foreign policy of nonalignment and anti-imperoalism.

ਜੋਨ ਸਮਾਲਵੁੱਡ ਵੱਲੋਂ ਪ੍ਰੈਸ ਰਲੀਜ਼



ਬੀ. ਸੀ. ਦੀ ਸੋਕਰਡ ਸਰਕਾਰ ਨੇ ਕਦੇ ਵੀ ਕਾਮਿਆਂ ਅਤੇ ਗਰੀਬਾਂ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ, ਸਰਕਾਰ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਨਾ-ਕਾਮਯਾਬ ਰਹੀ ਹੈ। ਹੁਣ ਇਹ ਸਰਕਾਰ, ਉਹ ਲੋਕ ਜਿਨ੍ਹਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ, ਨੂੰ ਵੋਟ ਪਾਉਣ ਦੇ ਹੱਕ ਤੋਂ ਵੀ ਵਾਂਝਿਆਂ ਕਰ ਰਹੀ ਹੈ। ਅਜਿਹਾ ਇਸ ਤਰੀਕੇ ਨਾਲ ਕੀਤਾ ਜਾ ਰਿਹਾ ਕਿ ਬਹੁਤੇ ਲੋਕਾਂ ਨੂੰ ਪਤਾ ਨਾ ਲੱਗ ਸਕੇ। ਸਰਕਾਰ ਨੂੰ ਚਾਹੀਦਾ ਸੀ ਕਿ ਵੋਟਾਂ ਦਰਜ ਕਰਨ ਵਾਲੇ ਬਹੁਤ ਕਾਮੇ ਅਜਿਹੇ ਰੱਖਦੀ, ਜਿਹਨਾਂ ਨੂੰ ਪੰਜਾਬੀ ਤੇ ਚੀਨੀ ਭਾਸ਼ਾ ਆਉਂਦੀ ਹੁੰਦੀ ਤਾਂ ਕਿ ਵੱਧ ਤੋਂ ਵੱਧ ਲੋਕ ਇਹਨਾਂ ਦੀ ਗੱਲਬਾਤ ਸਮਝ ਸਕਦੇ। ਆਮ ਤੌਰ 'ਤੇ ਅਜਿਹਾ ਹੁੰਦਾ ਹੈ ਕਿ ਜੋ ਲੋਕ ਅੰਗਰੇਜ਼ੀ ਬੋਲ ਜਾਂ ਸਮਝ ਨਹੀਂ ਸਕਦੇ, ਉਹ ਵੋਟ ਪਾਉਣ ਲਈ ਰਜਿਸਟਰ ਨਹੀਂ ਹੁੰਦੇ।

ਵੋਟਾਂ ਦਰਜ ਕਰਨ ਦਾ ਅਜਿਹਾ ਤਰੀਕਾ ਨਵੇਂ ਕਨੇਡੀਅਨ ਸ਼ਹਿਰੀਆਂ ਲਈ ਬੇਇਜ਼ਤੀ ਵਾਲੀ ਗੱਲ ਹੈ, ਜਿਨ੍ਹਾਂ ਨੂੰ ਪੂਰਾ ਹੱਕ ਹੈ ਕਿ ਉਹ ਵੀ ਕਨੇਡਾ ਦੇ ਹਰ ਫੈਸਲੇ ਵਿਚ ਹਿਸਾ ਪਾ ਸਕਣ। ਇਹ ਇਕ ਕਿਸਮ ਦਾ ਸੰਸਥਾਤਮਕ ਨਸਲਵਾਦ ਹੈ ਕਿਉਂਕਿ ਅਜਿਹਾ ਕਰਨ ਨਾਲ ਅੰਗਰੇਜ਼ੀ ਨਾ ਬੋਲਣ ਵਾਲੇ ਲੋਕ ਵੋਟਰ ਲਿਸਟ ਵਿਚ ਸ਼ਾਮਲ ਹੋਣ ਤੋਂ ਰਹਿ ਜਾਂਦੇ ਹਨ।

ਐਨ. ਡੀ. ਪੀ. ਚਾਹੁੰਦੀ ਹੈ ਕਿ ਸਾਰੇ ਕਨੇਡੀਅਨ ਲੋਕ ਵੋਟ ਪਾ ਸਕਣ, ਬੇਸ਼ਕ ਉਹਨਾਂ ਦੀ ਬੋਲੀ ਕੋਈ ਵੀ ਹੋਵੇ। ਮੈਂ ਤੇ ਬਾਕੀ ਹੋਰ ਨਿਊ ਡੈਮੋਕਰੈਟਸ ਨੇ ਇਸ ਮਸਲੇ ਸਬੰਧੀ ਆਵਾਜ਼ ਉਠਾਈ ਹੈ, ਅਤੇ ਅਸੀਂ ਤੁਹਾਡੇ ਲਈ ਅਜਿਹੇ ਅਤੇ ਅਜਿਹੇ ਹੋਰ ਮਸਲਿਆਂ 'ਤੇ ਵੀ ਆਵਾਜ਼ ਉਠਾਵਾਂਗੇ। ਨਸਲਵਾਦ ਵਿਰੋਧੀ ਜਥੇਬੰਦੀ (BCOFR) ਦੀ ਮੈਂਬਰ ਹੋਣ ਦੇ ਨਾਤੇ, ਮੈਂ ਨਸਲਵਾਦ ਦੇ ਖਿਲਾਫ ਹਮੇਸ਼ਾ ਆਵਾਜ਼ ਉਠਾਈ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸੱਦਾ ਦਿੰਦੀ ਹਾਂ ਕਿ ਆਉ ਇਕੱਠੇ ਹੋ ਕੇ ਆਪਾਂ ਇਕ ਇਨਸਾਫ ਭਰਿਆ ਸਮਾਜ ਉਸਾਰੀਏ।

ਮੇਰੀ ਇਹ ਸਭ ਨੂੰ ਤਾਕੀਦ ਹੈ ਕਿ ਵੋਟ ਪਾਉਣ ਲਈ ਛੇਤੀ ਤੋਂ ਛੇਤੀ ਰਜਿਸਟਰ ਹੋਵੋ ਤਾਂਕਿ ਤੁਸੀਂ ਚੋਣਾਂ ਵਾਲੇ ਦਿਨ ਵੋਟ ਪਾ ਸਕੋ। ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਵੀ ਕਹੋ ਕਿ ਆਪਣੀਆਂ ਵੋਟਾਂ ਛੇਤੀ ਤੋਂ ਛੇਤੀ ਰਜਿਸਟ੍ਰਰ ਕਰਵਾਉਣ।


ਜੇਕਰ ਤੁਸੀਂ ਕਨੇਡੀਅਨ ਸਿਟੀਜ਼ਨ ਹੋ, ਤੁਹਾਡੀ ਉਮਰ 19 ਸਾਲ ਹੈ ਅਤੇ ਤੁਸੀਂ ਪਿਛਲੇ 12 ਮਹੀਨਿਆਂ ਤੋਂ ਕੈਨੇਡਾ ਵਿਚ ਅਤੇ ਬੀ. ਸੀ. ਵਿਚ ਪਿਛਲੇ ਛੇ ਮਹੀਨਿਆਂ ਤੋਂ ਰਹਿ ਰਹੇ ਹੋ ਤਾਂ ਤੁਸੀਂ ਵੋਟ ਪਾ ਸਕਦੇ ਹੋ। ਜੇਕਰ ਤੁਸੀਂ ਵੋਟਰ ਲਿਸਟ 'ਤੇ ਨਹੀਂ ਹੋ, ਤਾਂ ਤੁਹਾਡੇ ਕੋਲ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਰਜਿਸਟਰ ਹੋਣ ਲਈ ਸਿਰਫ ਦਸ ਦਿਨ ਹੀ ਹਨ। ਸਰੀ ਏਰੀਏ ਵਿਚ ਤੁਹਾਨੂੰ ਗਿਲਫੋਰਡ ਸ਼ਾਪਿੰਗ ਸੈਂਟਰ, ਸਰ੍ਹੀ ਪਲੇਸ ਅਤੇ ਕੇ-ਮਾਰਟ, ਜੋ ਕਿ ਕਿੰਗ ਜਾਰਜ ਹਾਈਵੇ 'ਤੇ ਹੈ, ਜਾਣਾ ਪਵੇਗਾ ਅਤੇ ਐਫੀਡੇਵਿਟ ਦੇਣਾ ਪਵੇਗਾ।

ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਬੀ. ਸੀ. ਸਰਕਾਰ ਨੇ ਪਹਿਲਾਂ ਅੰਗਰੇਜ਼ੀ ਪੜ੍ਹਾਉਣ ਵਾਲੀਆਂ ਕਲਾਸਾਂ ਵਿਚ ਕਟੌਤੀ ਕਰ ਦਿੱਤੀ ਅਤੇ ਹੁਣ ਜਿਨ੍ਹਾਂ ਲੋਕਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਉਹਨਾਂ ਨੂੰ ਇਸ ਤਰੀਕੇ ਨਾਲ ਵੋਟ ਪਾਉਣ ਦੇ ਹੱਕ ਤੋਂ ਵਾਂਝਿਆਂ ਕਰ ਰਹੀ ਹੈ। ਐਨ. ਡੀ. ਪੀ. ਅੰਗਰੇਜ਼ੀ ਦੀਆਂ ਪੂਰੀਆਂ ਕਲਾਸਾਂ ਦੇ ਪਰੋਗਰਾਮਾਂ ਲਈ ਵਚਨਬਧ ਹੈ। ਸਾਡਾ ਯਕੀਨ ਹੈ ਕਿ ਬਹੁ-ਸਭਿਅਕ ਸਮਾਜ ਸਾਡੇ ਸਾਰਿਆਂ ਲਈ ਲਾਹੇਵੰਦ ਹੈ।

ਹੋਰ ਜਾਣਕਾਰੀ ਲੈਣ ਲਈ ਤੁਸੀਂ ਜੋਨ ਸਮਾਲਵੁੱਡ ਨੂੰ 581-8989 ਜਾਂ 576-9803 'ਤੇ ਫੋਨ ਕਰ ਸਕਦੇ ਹੋ।


ਜੋਨ ਸਮਾਲਵੁੱਡ
NDP ਵਲੋਂ MLA ਉਮੀਦਵਾਰ
ਸਰੀ : ਗਿਲਫੋਰਡ - ਵੈਲ੍ਹੀ ਏਰੀਆ।







ਫ਼ਿਲਮ-ਲੋਰ



ਪੰਜਾਬੀ ਫਿਲਮਾਂ ਦੀ ਪਰਿਕਰਮਾ

ਵਾਲੀਆ ਫਿਲਮਜ਼ ਦੀ "ਰੱਬ ਤੋਂ ਡਰ ਸੱਜਣਾ" ਦਾ ਯੂਨਿਟ ਆਊਟਡੋਰ ਸ਼ੂਟਿੰਗ ਪੰਜਾਬ ਵਿਚ ਮੰਡੀ ਗੋਬਿੰਦਗੜ੍ਹ ਖੇਤਰ 'ਚ ਸ਼ੂਟਿੰਗ ਕਰੇਗਾ। ਫਿਲਮ ਦੇ ਸਿਤਾਰਿਆਂ ਵਿਚ ਗੁਰਦਾਸ ਮਾਨ, ਨੀਲਮ ਮਹਿਰਾ, ਮਨਜੀਤ ਮਾਨ, ਸੁਰਿੰਦਰ ਵਾਲੀਆ, ਅਨਿਲ ਪੰਡਿਤ, ਸੁਰਿੰਦਰ ਸ਼ਰਮਾ, ਯਸ਼ ਸ਼ਰਮਾ, ਵੇਦ ਗੋਸਵਾਮੀ, ਊਮੇਸ਼ ਸ਼ਰਮਾ, ਵੀਨਾ ਸ਼ਾਮ ਤੇ ਕਈ ਹੋਰ ਸ਼ਾਮਲ ਹਨ। ਕਹਾਣੀ ਤੇ ਸਕਰੀਨ-ਪਲੇ ਲਿਖਿਆ ਹੈ। ਸੁਰਿੰਦਰ ਵਾਲੀਆ ਤੇ ਰਵੀ ਸ਼ਰਮਾ ਨੇ ਜਦ ਕਿ ਡਾਇਆਲਾਗ ਲਿਖੇ ਹਨ ਰਾਜ ਸ਼ਰਮਾ ਨੇ। ਡਾਇਰੈਕਸ਼ਨ ਹੈ ਪਵਨ ਕੁਮਾਰ ਦੀ। ਚਰਨਜੀਤ ਅਹੂਜਾ ਦੇ ਸੰਗੀਤ ਵਿਚ ਮਾਨ ਤੇ ਸਵਿਤਾ ਸਾਥੀ ਦੀਆਂ ਆਵਾਜ਼ਾਂ ਨਾਲ ਕਈ ਗਾਣੇ ਰਿਕਾਰਡ ਹੋ ਚੁਕੇ ਹਨ। ਸਰਦੂਲ ਸਿਕੰਦਰ ਦਾ ਮਸ਼ਹੂਰ ਕਾਮੇਡੀ ਗੀਤ "ਰੋਡਵੇਜ਼ ਦੀ ਲਾਰੀ" ਵੀ ਫਿਲਮ 'ਚ ਸ਼ਾਮਲ ਕਰ ਲਿਆ ਹੈ। ਏਸ ਫਿਲਮ ਦਾ ਇਕ ਲੰਮਾ ਗੀਤ ਹੁਣੇ ਤੋਂ ਹਰ ਕਿਸੇ ਦਾ ਧਿਆਨ ਖਿਚਦਾ ਹੈ ਜਿਸ ਦਾ ਮੁਖੜਾ ਹੈ : ਡਿਸਕੋ ਵਿਚਾਰੀ, ਫੈਸ਼ਨ ਦੀ ਮਾਰੀ, ਫੰਗ ਲਾ ਕਿਤੋਂ ਆ ਗਈ, ਮੁੰਡੇ ਕੁੜੀਆਂ ਦੇ ਦਿਲ ਖਾ ਗਈ ... ਰੰਭਾ ਹੂ ... ।

****

ਡਾਇਰੈਕਟਰ ਤੇ ਪ੍ਰੋਡਿਊਸਰ ਕੇ. ਪੱਪੂ ਪੰਜਾਬੀ ਫਿਲਮ "ਉਚਾ ਦਰ ਬਾਬੇ ਨਾਨਕ ਦਾ" ਨੂੰ ਸਰਗਰਮੀ ਨਾਲ ਬਣਾ ਰਿਹਾ ਹੈ। ਇਸ ਦੇ ਮੁਖ ਸਿਤਾਰੇ ਪ੍ਰੀਤੀ ਸਪਰੂ ਤੇ ਗੁਰਦਾਸ ਮਾਨ ਹਨ। ਲੋਕ ਗਾਇਕ ਸੁਰਿੰਦਰ ਛਿੰਦੇ ਨੇ ਇਸ ਫਿਲਮ ਲਈ ਟਾਈਟਲ-ਗੀਤ ਗਾਇਆ ਹੈ ਜਿਸ ਦੀ ਲੰਬਾਈ ਸਾਢੇ ਅੱਠ ਮਿੰਟ ਹੈ ਜੋ ਕਿ ਆਪਣੇ ਆਪ 'ਚ ਇਕ ਰਿਕਾਰ੍ਹਡ ਹੈ। ਇਸੇ ਫਿਲਮ ਲਈ ਕੋਕੇ ਵਾਲੀ ਸਰਬਜੀਤ ਸ਼ਰਮਾ ਨੇ ਇਕ ਸੋਲੋ ਗੀਤ ਗਾਇਆ ਹੈ ਜੋ ਤਨੂਜਾ ਉਪਰ ਫਿਲਮਾਇਆ ਜਾਵੇਗਾ।

ਇਕ ਦੋਗਾਣਾ ਸਰਬਜੀਤ ਤੇ ਸ਼ਬੀਰ ਕੁਮਾਰ ਨੇ ਰਲ ਕੇ ਗਾਇਆ ਹੈ। "ਬੇਤਾਬ" ਹਿੰਦੀ ਫਿਲਮ ਦੇ ਗਾਣਿਆਂ ਨਾਲ ਮਸ਼ਹੂਰ ਹੋਏ ਪਿਠਵਰਤੀ ਗਾਇਕ, ਸ਼ਬੀਰ ਕੁਮਾਰ ਤੋਂ ਪਹਿਲੀ ਵਾਰ ਪੰਜਾਬੀ ਫਿਲਮ ਲਈ ਗੁਆਇਆ ਗਿਆ ਹੈ। ਯਾਦ ਰਹੇ ਕਿ "ਉਚਾ ਦਰ ਬਾਬੇ ਨਾਨਕ ਦਾ" ਫਿਲਮ ਦਾ ਪਹਿਲਾ ਨਾਂ "ਦੂਰ ਨਹੀਂ ਨਨਕਾਣਾ" ਰੱਖਿਆ ਗਿਆ ਸੀ।

****

ਜਗਜੀਤ ਡਾਇਰੈਕਟਰ ਦੀ "ਗੱਭਰੂ ਪੰਜਾਬ ਦਾ" ਤੋਂ ਬਾਅਦ ਹੁਣ ਨੇੜ-ਭਵਿਖ 'ਚ ਫਿਲਮ ਰਿਲੀਜ਼ ਹੋਵੇਗੀ "ਕੀ ਬਣੂੰ ਦੁਨੀਆਂ ਦਾ"। ਇਸ ਵਿਚ ਦਿਲਜੀਤ ਕੌਰ ਦੀ ਦੂਹਰੀ ਭੂਮਿਕਾ ਹੈ। ਦਾਰਾ ਸਿੰਘ, ਗੁਰਦਾਸ ਮਾਨ, ਮਨਜੀਤ ਮਾਨ, ਮਿਹਰ ਮਿੱਤਲ, ਅਨਿਲ ਦੀਪਕ, ਸੁਰਿੰਦਰ ਸ਼ਰਮਾ, ਸੁਰਿੰਦਰ ਵਾਲੀਆ, ਸੁਰਿੰਦਰ ਛਿੰਦਾ, ਗੁਰਚਰਨ ਪੋਹਲੀ ਤੇ ਸੱਤੀ ਬਰਾੜ ਇਸ ਦੇ ਸਿਤਾਰੇ ਹਨ।

****


ਰਾਮ ਜੀ ਫਿਲਮਜ਼ ਦੀ "ਪੀਂਘਾਂ ਪਿਆਰ ਦੀਆਂ" ਤਿਆਰ ਹੋ ਗਈ ਹੈ ਤੇ ਜਲਦ ਹੀ ਪਰਦੇ ਦੀ ਸ਼ੋਭਾ ਬਣੇਗੀ। ਸਤੀਸ਼ ਕੌਲ, ਸ਼ਵੇਤਾ, ਰਮਨੀਸ਼, ਯੋਗੇਸ਼ ਛਾਬੜਾ, ਅਨੂੰ ਧਵਨ, ਵੇਦ ਗੌਸਵਾਮੀ ਤੇ ਮਿਹਰ ਮਿੱਤਲ ਫਿਲਮ ਦੇ ਮੁੱਖ ਸਿਤਾਰੇ ਹਨ। ਪ੍ਰੋਡਿਊਸਰ ਸ਼ੋਭਾ ਗੁਪਤਾ ਦੀ "ਪੀਂਘਾਂ ਪਿਆਰ ਦੀਆਂ" ਦੀ ਡਾਇਰੈਕਸ਼ਨ ਐਸ. ਜਸਵੀਰ ਦੀ ਹੈ। ਕੈਮਰਾ ਐਸ. ਐਸ. ਚੱਢਾ ਦਾ ਤੇ ਗੀਤ ਹਨ ਨਕਸ਼ ਲਾਇਲਪੁਰੀ ਦੇ। ਸੰਗੀਤ ਦਿੱਤਾ ਹੈ ਰੋਸ਼ਨ ਲਾਲ ਨੇ।

****

ਵਰਿੰਦਰ ਦੀ ਪੰਜਾਬੀ ਫਿਲਮ "ਯਾਰੀ ਜੱਟ ਦੀ" ਤਿਆਰ ਹੈ ਤੇ ਕਿਸੇ ਵੀ ਦਿਨ ਸਿਨੇਮਾਘਰਾਂ 'ਚ ਪ੍ਰਵੇਸ਼ ਕਰ ਸਕਦੀ ਹੈ। ਵਰਿੰਦਰ ਨੇ ਪੰਜਾਬੀ ਫਿਲਮ "ਸੰਤੋ ਬੰਤੋ" ਨੂੰ ਹਿੰਦੀ 'ਚ "ਤੁਲਸੀ" ਨਾਂ ਹੇਠ ਬਣਾ ਕੇ ਬਾਹਵਾ ਖੱਟੀ ਕਰ ਲਈ ਹੈ ਤੇ ਅੱਜ ਕੱਲ੍ਹ ਉਹ "ਬਲਬੀਰੋ ਭਾਬੀ" ਨੂੰ ਹਿੰਦੀ ਵਿਚ "ਮੇਰਾ ਲਹੂ" ਦੇ ਨਾਂ ਹੇਠ ਬਣਾਉਣ 'ਚ ਰੁੱਝਾ ਹੋਇਆ ਹੈ ਜਿਸ ਦਾ ਹੀਰੋ ਗੋਬਿੰਦਾ ਤੇ ਹੀਰੋਇਨ ਕਿਮੀ ਕਾਟਕਰ। ਵਰਿੰਦਰ ਦੀ ਪੰਜਾਬੀ ਫਿਲਮਾਂ ਤੋਂ ਹਿੰਦੀ ਫਿਲਮਾਂ ਵੱਲ ਇਹ ਵੱਡੀ ਛਾਲ ਸਲਾਹੁਣਯੋਗ ਹੈ ਕਿਉਂ ਜੋ ਅੱਜ ਦੇ ਭਾਅ 'ਚ ਗੋਬਿੰਦਾ ਤੇ ਕਿਮੀ ਕਾਟਕਰ ਦਾ ਨਾਂ ਵਿਕਦਾ ਹੈ।

****

ਪ੍ਰੋਡਿਊਸਰ ਅਜੀਤ ਸੈਲਾਨੀ ਆਪਣੀ ਨਵੀਂ ਪੰਜਾਬੀ ਫਿਲਮ ਦੇ ਪੇਪਰ ਵਰਕ ਉਪਰ ਜ਼ੋਰ-ਸ਼ੋਰ ਨਾਲ ਜੁਟਿਆ ਹੋਇਆ ਹੈ ਜਿਸ ਦੀ ਕਹਾਣੀ ਧਾਰਮਿਕ, ਸਮਾਜਕ ਤੇ ਸਭਿਆਚਾਰਕ ਵਿਸ਼ਿਆਂ ਦਾ ਸੁਮੇਲ ਹੈ। ਇਸ ਤੋਂ ਪਹਿਲਾਂ ਉਹ "ਧਰਤੀ ਸਾਡੀ ਮਾਂ" ਅਤੇ "ਸ਼ਹੀਦ ਕਰਤਾਰ ਸਿੰਘ ਸਰਾਭਾ" ਦੋ ਪੰਜਾਬੀ ਫਿਲਮਾਂ ਬਣਾ ਚੁਕਾ ਹੈ। ਦਾਰਾ ਸਿੰਘ ਨੇ ਸੈਲਾਨੀ ਦੀ ਨਵੀਂ ਫਿਲਮ 'ਚ ਮੁਫਤ ਕੰਮ ਕਰਨਾ ਮੰਨਿਆ ਹੈ।



ਅਧੂਰੀ ਪਈ ਫਿਲਮ "ਹਾਣ ਨੂੰ ਹਾਣ ਪਿਆਰਾ" ਵਿਚ ਹੀਰੋ ਅਨਿਲ ਧਵਨ ਤੇ ਹੀਰੋਇਨ ਨਿੱਕੀ। (ਫੋਟੋ : ਰਣਜੀਤ ਸਿੰਘ ਨਵਾਂਸ਼ਹਿਰ)।

*****

ਜੀਨੀਅਸ ਫਿਲਮਜ਼ ਕੰਬਾਈਨ ਦੇ ਬੈਨਰ ਵਲੋਂ "ਜੱਟ ਪੰਜਾਬ ਦਾ" ਫਿਲਮ ਦਾ ਨਿਰਮਾਣ ਆਰੰਭ ਹੋਇਆ ਹੈ ਤੇ ਇਸ ਦੀ ਆਊਟਡੋਰ ਸ਼ੂਟਿੰਗ ਸਤੰਬਰ ਦੌਰਾਨ ਪੰਜਾਬ 'ਚ ਹੋਣ ਦੀ ਸੰਭਾਵਨਾ ਹੈ। ਕ੍ਰਿਕਟ ਖਿਡਾਰੀ ਯੋਗਰਾਜ, ਵਿਜੇ ਟੰਡਨ, ਮਿਹਰ ਮਿਤਲ ਤੇ ਬੀ. ਐਨ. ਸ਼ਰਮਾ ਕਾਸਟ ਵਿਚ ਸ਼ਾਮਲ ਹਨ। ਗਾਇਕ ਹਰਦੀਪ ਵੀ ਇਸ ਫਿਲਮ 'ਚ ਦਿਖਾਈ ਦੇਵੇਗਾ। ਸੁਰਿੰਦਰ ਛਿੰਦੇ ਦੇ ਸੰਗੀਤ 'ਚ ਤੇ ਛਿੰਦੇ ਦੀ ਹੀ ਆਵਾਜ਼ 'ਚ ਸੁਰਜੀਤ ਗਿੱਲ ਦੇ ਲਿਖੇ ਕੁਝ ਗੀਤ ਰਿਕਾਰਡ ਹੋ ਚੁਕੇ ਹਨ। ਡਾਇਰੈਕਸ਼ਨ ਕੇ. ਪੱਪੂ ਦੀ ਹੋਵੇਗੀ।

*****

ਗੀਤਕਾਰ ਕਸ਼ਮੀਰ ਕਾਦਰ ਨੇ ਫਿਰ ਤੋਂ ਫਿਲਮੀ ਸਰਗਰਮੀਆਂ ਆਰੰਭ ਦਿਤੀਆਂ ਹਨ। ਉਸ ਨੇ ਬਹੁਤ ਸਾਰੇ ਨਵੇਂ ਗੀਤ ਲਿਖ ਕੇ ਪ੍ਰੋਡਿਊਸਰਾਂ ਤੇ ਡਾਇਰੈਕਟਰਾਂ ਦੀ ਨਜ਼ਰ ਕੀਤੇ ਹਨ। ਇਨ੍ਹਾਂ 'ਚੋਂ ਕੁਝ ਗੀਤ "ਬਹੁਤ ਢੁਕਵੇਂ" ਹਨ ਤੇ ਮਿਹਰ ਮਿੱਤਲ ਉਪਰ ਫਿਲਮਾਉਣ ਲਈ ਚੱਕਵੇਂ ਜਾਪਦੇ ਹਨ। ਯਾਦ ਰਹੇ ਕਿ ਕਾਦਰ ਨੇ "ਧਰਤੀ ਸਾਡੀ ਮਾਂ", ਮਿੱਤਰ ਪਿਆਰੇ ਨੂੰ", "ਗਿੱਧਾ", "ਮਾਹੀ ਮੁੰਡਾ" ਤੇ "ਰੇਸ਼ਮਾ" ਆਦਿ ਇਕ ਦਰਜਨ ਤੋਂ ਵੱਧ ਫਿਲਮਾਂ ਦੇ ਗੀਤ ਲਿਖੇ ਸਨ ਨਿਰਮਾਤਾ ਵਜੋਂ ਉਹ ਚੱਲ ਨਾ ਸਕਣ ਕਾਰਨ ਫਿਲਮ ਜਗਤ ਨੂੰ ਅਲਵਿਦਾ ਕਹਿ ਆਇਆ ਸੀ। ਹੁਣ ਉਸ ਦੇ ਦੁਬਾਰਾ ਸਰਗਰਮ ਹੋਣ ਦੀ ਪੰਜਾਬੀ ਫਿਲਮੀ ਹਲਕਿਆਂ 'ਚ ਖੁਸ਼ੀ ਪਾਈ ਜਾਂਦੀ ਹੈ।

*****

ਮਰਹੂਮ ਇੰਦਰਜੀਤ ਤੁਲਸੀ ਦੇ ਲੜਕੇ ਉਤਮ ਤੁਲਸੀ ਦੀ ਡਾਇਰੈਕਸ਼ਨ ਹੇਠ ਬਣੀ "ਯਾਰ ਗਰੀਬਾਂ ਦਾ" ਆਖਰ ਮੁਕੰਮਲ ਹੋ ਗਈ ਹੈ ਤੇ ਪ੍ਰਿੰਟ ਲਗਭਗ ਤਿਆਰ ਹੈ। ਸਤੀਸ਼ ਕੌਲ ਦਾ ਇਸ ਫਿਲਮ 'ਚ ਡਬਲ ਰੋਲ ਹੈ। ਖਲਨਾਇਕ ਵਿਜੇ ਟੰਡਨ ਹੈ, ਹੀਰੋਇਨ ਦਲਜੀਤ ਕੌਰ ਤੇ ਹੀਰੋ ਯੋਗਰਾਜ।

*****

ਅੱਧ-ਪਚੱਧ ਬਣੀਆਂ ਪੰਜਾਬੀ ਫਿਲਮਾਂ, ਪੌਣੀਆਂ ਮੁਕੰਮਲ ਹੋ ਚੁੱਕੀਆਂ ਪੰਜਾਬੀ ਫਿਲਮਾਂ ਤੇ ਰੁਕੀਆਂ ਹੋਈਆਂ ਪੰਜਾਬੀ ਫਿਲਮਾਂ ਦੀ ਵੀ ਲਗਦੇ ਹੱਥ ਗੱਲ ਕਰ ਲਈਏ :

"ਦਾਜ" ਵਰਗੀ ਹਿੱਟ ਫਿਲਮ ਬਨਾਉਣ ਵਾਲੇ ਪ੍ਰੋਡਿਊਸਰ ਤੇ ਗੀਤਕਾਰ ਇੰਦਰਜੀਤ ਹਸਨਪੁਰੀ ਦੀ "ਦੋ ਜੱਟੀਆਂ" ਕਈ ਸਾਲਾਂ ਤੋਂ ਰੁਕੀ ਹੋਈ ਹੈ, ਇਸ ਦੇ ਕੁਝ ਗਾਣੇ ਰਿਕਾਰਡ ਹੋ ਗਏ ਸਨ। ਵਰਿੰਦਰ ਦੀ "ਉਚਾ ਪਿੰਡ" ਦੇ ਕਈ ਗਾਣੇ ਰਿਕਾਰਡ ਹੋਣ ਤੋਂ ਇਲਾਵਾ ਤਿੰਨ-ਚਾਰ ਦਿਨਾਂ ਦੀ ਸ਼ੂਟਿੰਗ ਵੀ ਹੋਈ ਤੇ ਓਦੂੰ ਬਾਅਦ ਕੰਮ ਖੜ੍ਹ ਗਿਆ। ਪਵਨ ਕੁਮਾਰ ਦੀ "ਰੁੱਤਾਂ ਪਿਆਰ ਦੀਆਂ" ਦੀ ਆਊਟਡੋਰ ਸ਼ੂਟਿੰਗ ਹੋਇਆਂ ਸਾਲ ਬੀਤ ਗਏ ਹਨ, ਪਤਾ ਨਹੀਂ ਅਗਾਂਹ ਕੰਮ ਕਦੋਂ ਸ਼ੁਰੂ ਹੋਵੇ। ਪ੍ਰਕਾਸ਼ ਗਿੱਲ ਖਲਨਾਇਕ ਦੇ ਮਰਨ ਨਾਲ "ਠਾਣੇਦਾਰ" ਫਿਲਮ ਦਾ ਨਿਰਮਾਣ ਰੁਕਿਆ ਪਿਆ ਹੈ। ਭਾਖੜੀਆਂ ਦੀ "ਪੰਜ ਜੱਟੀਆਂ" ਦਾ ਵੀ ਪਤਾ ਨਹੀਂ ਕੀ ਬਣਿਆ। "ਮੌਲਾ ਜੱਟ" ਅਜੇ ਵਿਚ ਵਿਚਾਲੇ ਪਈ ਹੈ ਜਦ ਕਿ ਉਸ ਤੋਂ ਬਾਅਦ ਆਰੰਭ ਹੋਈਆਂ ਕਈ ਫਿਲਮਾਂ ਰਿਲੀਜ਼ ਵੀ ਹੋ ਗਈਆਂ। ਭਾਖੜੀਆਂ ਦੀ "ਰੱਖੜੀ" ਤੇ "ਤਸਵੀਰ" ਖਵਨੀ ਕਿਧਰ ਗੁਆਚ ਗਈਆਂ। ਡਾ. ਨਰਿੰਦਰ ਗਰੇਵਾਲ ਦੀ "ਵੈਰੀ ਜੀਣ ਨਾ ਦਿੰਦੇ" ਸੱਤਰ ਪ੍ਰਤੀਸ਼ਤ ਪੂਰੀ ਹੋ ਗਈ ਸੀ ਇਸ ਦੇ ਸਿਤਾਰੇ ਸ਼ੋਭਨੀ ਸਿੰਘ ਤੇ ਸਤੀਸ਼ ਕੌਲ ਸਨ। "ਯਾਰੀ ਉਮਰਾਂ ਦੀ", "ਪੁੱਤਰ ਪੰਜ ਦਰਿਆਵਾਂ ਦੇ", ਤੇ "ਚੰਨੀ" ਵੀ ਕਿਤੇ ਨਾ ਕਿਤੇ ਅਟਕੀਆਂ ਹੋਈਆਂ ਹਨ। "ਬਸੰਤੀ" ਫਿਲਮ ਦਾ ਸੰਗੀਤ ਮੁਹੰਮਦ ਸਦੀਕ ਨੇ ਦਿਤਾ ਤੇ ਸਲਮਾ ਆਗਾ ਤੋਂ ਗਾਣਾ ਗੁਆਇਆ, ਪਰ ਹੁਣ ਇਸ ਫਿਲਮ ਦਾ ਕੋਈ ਥਹੁ-ਪਤਾ ਨਹੀਂ ਲਗ ਰਿਹਾ। "ਅੰਬਰੀ" ਨੂੰ ਬਿਲ ਸਿਕੰਦ ਨੇ ਰੀਝਾਂ ਨਾਲ ਬਣਾਇਆ ਸੀ ਲਤਾ ਮੰਗੇਸ਼ਕਰ ਤੋਂ ਗਾਣਾ ਗੁਆਇਆ ਤੇ ਧਰਮਿੰਦਰ ਨੂੰ ਮਹਿਮਾਨ-ਕਲਾਕਾਰ ਵਜੋਂ ਵਰਤਿਆ। ਇਹ ਫਿਲਮ ਪੂਰੀ ਬਣੀ ਹੋਈ ਹੈ ਤੇ ਬਿਲ ਸਿਕੰਦ ਦੁਬਾਰਾ ਭਾਰਤ ਆਇਆ ਹੈ, ਸ਼ਾਇਦ ਪ੍ਰਿੰਟ ਬਾਹਰ ਆ ਜਾਵੇ। ਡਾਇਰੈਕਟਰ ਸੁਰਿੰਦਰ ਸਿੰਘ ਤੇ ਪ੍ਰੋਡਿਊਸਰ ਕੁਲਦੀਪ ਮਾਣਕ ਦੀ "ਗੀਤਾਂ ਦਾ ਵਣਜਾਰਾ" ਦੇ ਗੀਤ ਰਿਕਾਰਡ ਹੋ ਗਏ ਸਨ, ਪੰਜ ਦਿਨਾਂ ਦੀ ਸ਼ੂਟਿੰਗ ਵੀ ਕੀਤੀ ਸੀ, ਉਸ ਤੋਂ ਬਾਅਦ ਦੀ ਸਰਗਰਮੀ ਸਾਹਮਣੇ ਨਹੀਂ ਆਈ। ਮਰਾੜ੍ਹਾਂ ਵਾਲੇ ਮਾਨ ਦੀ "ਪਾਲੀ" ਕਿਸ ਪੜਾਅ ਤੇ ਹੈ। ਅਨਿਲ ਧਵਨ ਨੂੰ ਹੀਰੋ ਲੈ ਕੇ ਕਈ ਸਾਲ ਪਹਿਲਾਂ "ਹਾਣ ਨੂੰ ਹਾਣ ਪਿਆਰਾ" ਦੀ ਨਵਾਂ ਸ਼ਹਿਰ, ਗੜ੍ਹਸ਼ੰਕਰ ਇਲਾਕੇ 'ਚ ਸ਼ੂਟਿੰਗ ਹੋਈ। ਫਿਰ ਇਹ ਡੱਬਿਆਂ 'ਚ ਬੰਦ ਹੋ ਗਈ ਤੇ ਅੱਜ ਤੱਕ ਬਾਹਰ ਨਹੀਂ ਨਿਕਲੀ।

ਦਾਰਾ ਸਿੰਘ ਦੀ "ਅਣਖੀਲੀ ਮੁਟਿਆਰ" ਨੂੰ ਤਿਆਰ ਹੋਇਆਂ ਕਿੰਨਾ ਅਰਸਾ ਬੀਤ ਗਿਆ, ਟੈਕਸ ਵੀ ਮੁਆਫ ਹੋ ਗਿਆ ਸੀ, ਪਰ ਅਜੇ ਤੱਕ ਪਰਦੇ ਦੀ ਸ਼ੋਭਾ ਨਹੀਂ ਬਣ ਸਕੀ। ਸਾਲਾਂ ਬੱਧੀ ਲਟਕਣ ਉਪਰੰਤ ਤੇ ਰਿਲੀਜ਼ ਹੋਣ ਦੀਆਂ ਢੇਰ ਸਾਰੀਆਂ ਤਾਰੀਖਾਂ ਬਦਲਣ ਉਪਰੰਤ ਪੰਜਾਬੀ ਫਿਲਮ "ਸੱਸੀ ਪੁੰਨੂੰ" ਨੇ ਆਖਰ ਦਰਸ਼ਕਾਂ ਅੱਗੇ ਪੇਸ਼ ਹੋਣ ਦਾ ਮਨ ਬਣਾ ਲਿਆ ਹੈ।

"ਸੰਜੋਗੀ ਮੇਲੇ", "ਰਾਤਾਂ ਚਾਨਣੀਆਂ", "ਸਦਕੇ ਜਾਵਾਂ", "ਲਾਈਲੱਗ", "ਅਣਖ", "ਹੰਕਾਰ", "ਪੁਲਸੀਆ", "ਸੁਨੇਹਾ", "ਚੌਧਰੀ", "ਛੜਾ ਜੇਠ", "ਤਕਰਾਰ", "ਕਿਸ਼ਨੋ ਬਿਸ਼ਨੋ", "ਪਾਟੇ ਖਾਂ", "ਜੱਗ ਵਾਲਾ ਮੇਲਾ", "ਨੂਰਾਂ" ਤੇ "ਰੰਗੀਲੀ ਪੰਜਾਬਣ" ਆਦਿ ਪੰਜਾਬੀ ਫਿਲਮਾਂ ਪਤਾ ਨਹੀਂ ਕਿਹੜੇ ਕਿਹੜੇ ਪੜਾਅ 'ਤੇ ਅਟਕੀਆਂ ਹੋਈਆਂ ਹਨ।

ਸ਼ਮਸ਼ੇਰ ਸਿੰਘ ਸੰਧੂ

ਸਰੀ-ਡੈਲਟਾ ਦੀ ਪੰਜਾਬੀ ਮਾਰਕਿਟ ਵਿਚ ਸਰਤਾਜ ਕੱਪੜਿਆਂ ਦਾ ਸਟੋਰ

ਜੈਸੀ ਫੈਬਰਿਕਸ

ਜੈਸੀ ਫੈਬਰਿਕਸ 'ਤੇ ਇੰਡੀਆ ਤੋਂ ਨਵੇਂ ਨਵੇਂ ਡੀਜ਼ਾਈਨਾਂ ਵਿਚ ਕਢਾਈ ਵਾਲੇ ਸੂਟ, ਦੁੱਪਟਿਆਂ ਦੀ ਵੱਡੀ ਸ਼ਿਪਮੈਂਟ ਪਹੁੰਚ ਗਈ ਹੈ ਜੋ ਕਾਫੀ ਵੱਡੀ ਸਲੈਕਸ਼ਨ ਵਿਚ ਹਨ



ਜਾਪਾਨ ਤੋਂ ਵੀ ਕਾਫੀ ਵੱਡੀ ਮਿਕਦਾਰ ਵਿਚ ਕੱਪੜਾ ਪਹੁੰਚ ਗਿਆ ਹੈ, ਜਿਸ ਵਿਚ ਤੁਹਾਨੂੰ ਕਰੇਪ-ਡਸ਼ੀਨ ਵਿਚ ਪ੍ਰਿੰਟਿਡ ਤੇ ਸਿਲਕ ਪ੍ਰਿੰਟ ਦੇ ਸੂਟ ਵੱਖਰੇ ਵੱਖਰੇ ਤੁਹਾਡੀ ਮਨਪਸੰਦ ਦੇ ਰੰਗਾਂ ਵਿਚ ਮਿਲ ਸਕਦੇ ਹਨ।

ਵਧੀਆ ਕੁਆਲਿਟੀ ਵਾਜਬ ਕੀਮਤਾਂ ਤੇ ਵੱਡੀ ਸਲੈਕਸ਼ਨ ਲਈ ਜ਼ਰੂਰ ਜੈਸੀ ਫੈਬਰਿਕਸ ਸਟੋਰ ਵਿਚ ਆ ਕੇ ਦੇਖੋ !



JESSIE FABRICS

9329, 120th. ST. (Scott Rd.) DELTA-SURREY, B.C.

PH. (604) 585-3656



ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

ਗਿੱਲ-ਫੋਰਡ-ਫਰਨੀਚਰ



ਧੂਆਂ ਕੱਢ ਸੇਲ ਵਿਚ
ਬੀ. ਸੀ. ਦੇ ਕੋਨੇ ਕੋਨੇ ਤੋਂ
ਚੱਲ ਕੇ ਆਓ!

ਲਓ ਜੀ! ਸ਼ੁਰੂ ਹੋ ਗਈ ਗਿਲਫੋਰਡ ਫਰਨੀਚਰ ਦੀ ਨਵੀਂ

ਧੂਆਂ ਕੱਢ ਸੇਲ!

ਜੋ ਕਿ ਸਤੰਬਰ ਦੇ ਅਖੀਰ ਤੱਕ ਚੱਲੇਗੀ, ਜਿਸ ਵਿਚ ਹਰ ਇਕ ਤਰ੍ਹਾਂ ਦੇ ਫਰਨੀਚਰ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਕੇ ਬੀ. ਸੀ. ਦੇ ਕੋਨੇ ਕੋਨੇ ਵਿਚ ਡਲਿਵਰ ਕਰ ਦਿਤਾ ਜਾਵੇਗਾ



ਧੂੰਆਂ ਕੱਢ ਸੇਲ ਵਿਚ ਸਿਲੀ ਦੇ ਮੈਟਰੈਸਾਂ ਦੀਆਂ ਗੱਡੀਆਂ ਲੱਦ ਕੇ ਪਹੁੰਚ ਗਈਆਂ ਹਨ - ਹਰ ਇਕ ਤਰ੍ਹਾਂ ਦੇ ਫਰਨੀਚਰ ਦੇ ਨਾਲ ਨਾਲ ਸਿਲੀ ਦੇ ਮੈਟਰੈਸਾਂ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਦਿਤਾ ਜਾਵੇਗਾ।

Just Say CHARGE IT On My GILLFORD FURNITUREMART Credit Card Apply For Yours Today!

"Better Quality Furnishings at Discount Prices"

FINANCING AVAILABLE O.A.C.

GILL-FORD FURNITUREMART

13442-108th Avenue, Surrey

HOURS: Mon.-Fri. 10-9; Sat. 10-6
Sunday & Holidays 10-6

588-4461